
FARM AND SPICE
Open 7 Days a Week
8.30 am to 9.00 pm
SPECIAL OFFERS: 17-23 MAR
Daily Specials on
ਨਿੱਕੀ ਸ਼ਿਮਲਾ ਮਿਰਚ
Mini Green Pepper
99¢ /lb
ਲੋਕਲ ਮੈਂਡਰੀਨਜ਼
Local Mandarins
99¢ /lb
ਪਿੰਕ ਲੇਡੀ ਸੇਬ
Pink Lady Apple
$1.49 /lb
ਗਾਲਾ ਬੀ ਸੀ ਸੇਬ
Gala BC Apple
$1.49 /lb
ਆਵੋਕਾਡੋ
Avocado
99¢ each
ਜ਼ੁਕੀਨੀ
Zuchinni
$1.29 /lb
ਵੈਜੀ ਮੈਰੋ
Veggie Marrow
$1.29 /lb
ਐਂਬ੍ਰੋਸੀਆ ਸੇਬ
Ambrosia Apple
$1.49 /lb
ਸੰਤਰਾ ਨਿੱਕਾ/ਵੱਡਾ
Orange Small/Large
$1.29 /lb
ਘੀਆ
Opo Long
99¢ /lb
ਟਮਾਟਰ
Tomatoes
Roma
$1.49 /lb
ਇੰਡੀਅਨ ਬੈਂਗਣ
Indian Egg Plant
$1.99 /lb
ਹਰੇ ਅੰਗੂਰ
Green Grapes
$1.99 /lb
ਲਾਲ ਅੰਗੂਰ
Red Grapes
$2.99 /lb
ਟਾਟਾ ਨਮਕ
Tata Salt
$1.99 each
ਏ-ਪਲਸ ਸੋਯਾ
Aplus
Soya Chunks/
Mini Chunks
200g
$1.99 each
A+Plus
A+Plus assorted pulses 1kg
50% OFF
ਬਦਾਮ
Almonds
Supreme Quality
$4.49 /lb
ਬਿਕਾਨੋ ਸੂਜੀ ਰੱਸ
Bikano
Suji Rusk
600g
$3.99 each
ਸ਼ੇਰ ਵੇਸਣ
Sher Besan
4lb
$3.99 each
ਅਸ਼ੋਕਾ ਸਾਗ
Ashoka
Sarson Ka Saag
850g
$2.99 each
ਢਿਲੋਂ ਬਿਸਕੁਟ
Dhillon
Punjabi Biscuit
1.5lb
$5.99 each
ਸੱਚ ਮਸਾਲੇ
Such Spices
Kutchhi Dabeli/
Vaghareli Khichdi
200g
$4.99 each
ਪਾਰਲੀਮੈਂਟ ਚਾਵਲ
Parliament
Rozana Basmati Rice
8 lb
$7.99 each
ਟਾਟਾ ਚਾਹ
Tata Tea
Premium
220 bags
$8.99 each
ਮੋਗਰਾ ਚਾਵਲ
Mogra
Basmati Rice
10 kgs
$9.99 each
ਮੋਗਰਾ ਚਾਵਲ
Mini Mogra
Basmati Rice
10 kgs
$9.99 each
ਨੂਰ ਚਾਵਲ
Noor
Premium Basmati
10lb
$10.99 each
ਕਨੋਲਾ ਤੇਲ
Canola
Harvest Oil
3ltr
$12.99 each
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਮੋਦੀ ਖਤਮ ਹੋ ਗਿਆ ਭਾਰਤ ਬਚ ਜਾਵੇਗਾ

# ਪੁਲਵਾਮਾ ਵਿਚ ਜਵਾਨ ਕਿਵੇਂ ਮਾਰੇ ਗਏ, ਜਾਂਚ ਕਰਵਾਓ:ਸੁਖਜਿੰਦਰ ਸਿੰਘ ਰੰਧਾਵਾ

ਜੈਪੁਰ- ਇੱਥੇ ਬੋਲਦਿਆਂ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿੰਦੇ ਹਨ ਕਿ ਅਸੀਂ ਅੰਦਰ ਵੜ ਕੇ ਮਾਰਾਂਗੇ, ਤਾਂ ਪੁਲਵਾਮਾ ਕਿਵੇਂ ਹੋਇਆ? ਉਸ ਦੀ ਜਾਂਚ ਕਰਵਾਓ।ਅੱਜ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਜਵਾਨ ਕਿਵੇਂ ਸ਼ਹੀਦ ਹੋਏ। ਕੀ ਅਜਿਹਾ 2019 ਦੀਆਂ ਚੋਣ ਜਿੱਤਣ ਲਈ ਨਹੀਂ ਕੀਤਾ ਗਿਆ? ਰਾਜਸਥਾਨ ਕਾਂਗਰਸ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ ਨੇ ਅਡਾਨੀ ਮਾਮਲੇ 'ਤੇ ਇੱਥੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਬਿਆਨ ਦਿੱਤਾ ਹੈ।ਅਸੀਂ ਅਕਾਲੀ ਦਲ ਨੂੰ ਹਮੇਸ਼ਾ ਲਈ ਖਤਮ ਕਰ ਦਿੱਤਾ।ਸੁਖਜਿੰਦਰ ਸਿੰਰੰਧਾਵਾ ਨੇ ਕਿਹਾ ਕਿ ਪਹਿਲਾਂ ਭਾਜਪਾ ਨੂੰ ਖਤਮ ਕਰੋ, ਅਡਾਨੀ ਆਪਣੇ ਆਪ ਖਤਮ ਹੋ ਜਾਵੇਗਾ। ਮੋਦੀ ਦੇਸ਼ ਵੇਚ ਰਿਹਾ ਹੈ। ਸਾਡੀ ਲੜਾਈ ਅਡਾਨੀ ਨਾਲ ਨਹੀਂ, ਭਾਜਪਾ ਨਾਲ ਹੈ। ਅੰਬਾਨੀ ਅਡਾਨੀ ਨੂੰ ਸਲਾਖਾਂ ਪਿੱਛੇ ਡੱਕਿਆ ਜਾਵੇ।ਕਾਂਗਰਸੀ ਆਗੂ ਐਸਐਸ ਰੰਧਾਵਾ ਨੇ ਕਿਹਾ ਕਿ ਤੁਸੀਂ ਆਪਣੇ ਝਗੜੇ ਖਤਮ ਕਰੋ ਅਤੇ ਮੋਦੀ ਨੂੰ ਖਤਮ ਕਰਨ ਦੀ ਗੱਲ ਕਰੋ, ਮੋਦੀ ਖਤਮ ਹੋ ਗਿਆ ਤਾਂ ਭਾਰਤ ਬਚ ਜਾਵੇਗਾ। ਮੋਦੀ ਨੂੰ 'ਦੇਸ਼ ਭਗਤੀ' ਦਾ ਮਤਲਬ ਨਹੀਂ ਪਤਾ।



# ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਐਬਟਸਫੋਰਡ ਵਿਖੇ ਨਵੇਂ ਸਾਲ 555 ਦੀ ਆਮਦ ਤੇ ਸਜੇ ਦੀਵਾਨ



ਐਬਟਸਫੋਰਡ:-ਮਿਤੀ 13 ਮਾਰਚ 2023 ਨੂੰ ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਐਬਟਸਫੋਰਡ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਨਵੇਂ ਸਾਲ 555 ਦੀ ਆਮਦ ਨੂੰ ਮੁਖ ਰੱਖਦਿਆਂ ਸ਼ਾਮ ਨੂੰ ਦੀਵਾਨ ਸਜਾਏ ਗਏ ਕਥਾ ਵਾਚਕ ਭਾਈ ਬਲਜੀਤ ਸਿੰਘ ਅਤੇ ਭਾਈ ਜੈਵੀਰ ਸਿੰਘ , ਰਾਗੀ ਜਥਾ ਭਾਈ ਦਲੀਪ ਸਿੰਘ ਅਤੇ ਭਾਈ ਕੇਵਲ ਸਿੰਘ ਢਾਡੀ ਜਥਾ ਭਾਈ ਗੁਰਇਕਬਾਲ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਦੀਆਂ ਵਾਰਾਂ ਸੁਣਾ ਕੇ ਨਿਹਾਲ ਕੀਤਾ ਸਟੇਜ ਸਕੱਤਰ ਭਾਈ ਮਨਜੀਤ ਸਿੰਘ ਗਰੇਵਾਲ ਨੇ ਮੂਲ ਨਾਨਕਸਾਹੀ ਕਲੰਡਰ ਦੀਆਂ ਵਿਸੇਸਤਾਈਆਂ ਦਸ ਕੇ ਜਿਵੇਂ ਕਿ ਗੁਰਪੁਰਬ ਮਨਾਉਣ ਲਈ ਇੰਗਲਿਸ਼ ਕਲੰਡਰ ਵਿਚ ਬਿਲਕੁਲ ਫਿਕਸ ਡੇਟਾਂ ਤੇ ਹੀ ਆਉਣਾ ਆਦਿਕ ਸੰਗਤਾਂ ਨਾਲ ਜਾਣਕਾਰੀ ਸਾਂਝੀ ਕੀਤੀ ਇਸ ਸਮੇਂ ਇਸ ਮੂਲ ਨਾਨਕਸਾਹੀ ਕਲੰਡਰ ਦੇ ਫਾਊਂਡਰ ਸਵਰਗਵਾਸੀ ਸਰਦਾਰ ਪਾਲ ਸਿੰਘ ਪੁਰੇਵਾਲ ਨੂੰ ਖਾਸ ਕਰ ਯਾਦ ਕੀਤਾ ਗਿਆ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਬਲਰਾਜ ਸਿੰਘ ਵਲੋਂ ਬਹੁਤ ਹੀ ਸੁਚਜੇ ਢੰਗ ਨਾਲ ਚਲਦੇ ਕੀਰਤਨ ਦੀਆਂ ਧੁਨਾ ਨਾਲ ਨਵੇਂ ਸਾਲ ਦੀ ਆਮਦ ਨੂੰ ਜੈਕਾਰਿਆਂ ਦੀ ਗੂੰਜ ਵਿਚ ਜੀਓ ਆਇਆਂ ਆਖਿਆ ਬਿਲਕੁਲ ਉਸੇ ਹੀ ਤਰਜ ਤੇ ਜਿਵੇਂ ਅਸੀ 31 ਦਸੰਬਰ ਨੂੰ ਇੰਗਲਿਸ਼ ਕਲੰਡਰ ਦੇ ਨਵੇਂ ਸਾਲ ਨੂੰ ਜੀਉ ਆਇਆਂ ਆਖਿਆ ਜਾਂਦਾ ਹੈ ਭਾਈ ਸਾਹਿਬ ਵੱਲੋਂ ਅਰਦਾਸ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਲਈ ਸਤਿਗੁਰ ਅੱਗੇ ਖਾਸ ਕਰ ਜੋਦੜੀ ਕੀਤੀ ਗਈ ਇਸ ਸਮੇਂ ਸੁਸਾਇਟੀ ਦੇ ਹੋਰਨਾਂ ਮੈਬਰਾਂ ਸਮੇਤ ਪ੍ਰਧਾਨ ਭਾਈ ਬਲਬੀਰ ਸਿੰਘ ਬਨਵੈਤ ਨੇ ਵੀ ਦਿਵਾਨਾਂ ਦੀ ਸਮਾਪਤੀ ਤਕ ਹਾਜਰੀਆਂ ਭਰੀਆਂ, ਵਾਕਿਆ ਹੀ ਸੰਗਤਾਂ ਵਿਚ ਮੂਲ ਨਾਨਕਸ਼ਾਹੀ ਦੇ ਨਵੇਂ ਸਾਲ 555 ਦੀ ਆਮਦ ਤੇ ਖੁਸ਼ੀਆਂ ਦਾ ਮਾਹੌਲ ਅਤੇ ਇਕ ਦੂਜੇ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦਿਆਂ ਹੋਏ ਸ਼ੁਰੂਆਤ ਹੋਈ ਧੰਨ ਧੰਨ ਗੁਰੂ ਗ੍ਰੰਥ ਸਹਿਬ ਜੀ ਦੇ ਸੁਖ ਆਸਣ ਉਪਰੰਤ ਆਖੀਰ ਵਿਚ ਸਟੇਜ ਸਕੱਤਰ ਵਲੋਂ ਸਾਰੀਆਂ ਸੰਗਤਾਂ ਦਾ ਗੁਰੂਘਰ ਹਾਜਰੀਆਂ ਲਵਾਉਣ ਲਈ ਧੰਨਵਾਦ ਕੀਤਾ ਅਤੇ ਨਵੇਂ ਸਾਲ ਦੀਆਂ ਸਮੂਹ ਪਰਿਵਾਰਾਂ ਨੂੰ ਵਾਧਾਈਆਂ ਦਿੱਤੀਆਂ।

# ਯ.ਪੀ. ਵਿਚ ਜਾਤੀਵਾਦੀ ਗੰਡਿਆਂ ਨੇ ਰਵਿਦਾਸ ਮੰਦਰ ਨੂੰ ਲਗਾਈ ਅੱਗ

ਬਲੀਆ-ਇਥੋਂ ਦੇ ਚਿਤਬਦਗਾਓਂ ਇਲਾਕੇ ਦੇ ਇਕ ਪਿੰਡ 'ਮਿਰਚੀ ਖੁਰਦ ਵਿਚ ਰਵਿਦਾਸ ਮੰਦਰ ਨੂੰ ਅੱਗ ਲਾਉਣ ਦੇ ਮਾਮਲੇ ਵਿਚ 5 ਜਾਤੀਵਾਦੀ ਗੰਡਿਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।ਇਸ ਸੰਬੰਧੀ ਡਿਪਟੀ ਐਸ.ਪੀ. ਅਸ਼ੋਕ ਮਿਸ਼ਰਾ ਨੇ ਦੱਸਿਆ ਕਿ ਪਿੰਡ ਵਾਸੀਆਂ ਦੀਆਂ ਸ਼ਿਕਾਇਤਾਂ 'ਤੇ ਰਾਜੇਸ਼ ਤਿਵਾਰੀ, ਅਦਿੱਤਿਆ, ਰਵਿੰਦਰ, ਜਾਨਕੀ ਤੇ ਮੁੰਨਾ ਤਿਵਾਰੀ ਖਿਲਾਫਐਫ.ਆਈ.ਆਰ. ਦਰਜ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਅੱਗ ਨਾਲ ਮੰਦਰ ਅੰਦਰ ਸੰਤ ਰਵਿਦਾਸ ਦੀ ਮੂਰਤੀ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਵਿਸਥਾਰਤ ਜਾਂਚ ਕੀਤੀ ਜਾ ਰਹੀ ਹੈ।

# ਉੱਤਰੀ ਭਾਰਤੀ ਰਾਜਾਂ ਦੇ ਭਾਜਪਾ ਮੈਂਬਰਾਂ ਨੇ ਮਾੜੀ ਨੀਅਤ ਨਾਲ ਅਜਿਹਾ ਕੀਤਾ:ਸਟਾਲਿਨ

ਨਵੀਂ ਦਿੱਲੀ: ਤਾਮਿਲਨਾਡੂ ਦੇ ਮੁੱਖ ਮੰਤਰੀ ਅਤੇ ਡੀਐਮਕੇ ਮੁਖੀ ਐਮਕੇ ਸਟਾਲਿਨ ਨੇ ਦਾਅਵਾ ਕੀਤਾ ਹੈ ਕਿ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਇੱਕਜੁੱਟ ਵਿਰੋਧੀ ਧਿਰ ਦਾ ਮੰਚ ਬਣਾਉਣ ਲਈ ਉਨ੍ਹਾਂ ਦੇ ਬਿਆਨਾਂ ਕਾਰਨ ਸੂਬੇ ਵਿੱਚ ਪ੍ਰਵਾਸੀ ਮਜ਼ਦੂਰਾਂ ਉੱਤੇ ਹਮਲਿਆਂ ਅਤੇ ਧਮਕੀਆਂ ਨਾਲ ਸਬੰਧਤ ਝੂਠੀਆਂ ਖ਼ਬਰਾਂ ਅਤੇ ਅਫਵਾਹਾਂ ਫੈਲਾਈਆਂ ਗਈਆਂ ਸਨ।

ਇਕ ਵੀਡੀਓ ਸੰਦੇਸ਼ 'ਚ ਸਟਾਲਿਨ ਨੇ ਕਿਹਾ, ''ਵੱਖ-ਵੱਖ ਰਾਜਾਂ ਦੇ ਲੋਕ ਪਿਛਲੇ ਕਈ ਦਹਾਕਿਆਂ ਤੋਂ ਤਾਮਿਲਨਾਡੂ 'ਚ ਰਹਿ ਰਹੇ ਹਨ। ਪਿਛਲੇ ਕੁਝ ਸਾਲਾਂ ਵਿੱਚ ਬਹੁਤ ਸਾਰੇ ਲੋਕ ਇੱਥੇ ਰੁਜ਼ਗਾਰ ਲਈ ਆਏ ਹਨ। ਇਨ੍ਹਾਂ ਲੋਕਾਂ ਨੂੰ ਸੂਬੇ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਸਮੱਸਿਆ ਨਹੀਂ ਹੈ।ਉਨ੍ਹਾਂ ਅੱਗੇ ਕਿਹਾ, 'ਪਰ ਕੁਝ ਲੋਕਾਂ ਨੇ ਫਰਜ਼ੀ ਵੀਡੀਓ ਬਣਾ ਕੇ ਝੂਠੀਆਂ ਖਬਰਾਂ ਫੈਲਾਈਆਂ। ਉੱਤਰ ਭਾਰਤੀ ਰਾਜਾਂ ਦੇ ਭਾਜਪਾ ਮੈਂਬਰਾਂ ਨੇ ਮਾੜੇ ਇਰਾਦਿਆਂ ਨਾਲ ਅਜਿਹਾ ਕੀਤਾ। ਤੁਸੀਂ ਜਾਅਲੀ ਖ਼ਬਰਾਂ ਫੈਲਾਉਣ ਵਾਲਿਆਂ ਦੇ ਪਿੱਛੇ ਦੀ ਸਾਜ਼ਿਸ਼ ਨੂੰ ਸਮਝ ਸਕਦੇ ਹੋ, ਜੇ ਤੁਸੀਂ ਧਿਆਨ ਦਿਓ, ਇਹ ਮੇਰੇ ਮੇਰੇ ਵੱਲੋਂ ਇਹ ਕਹਿਣ ਕਿ ਭਾਜਪਾ ਦੇ ਵਿਰੁੱਧ ਰਾਸ਼ਟਰੀ ਪੱਧਰ 'ਤੇ ਇਕਜੁੱਟ ਗਠਜੋੜ ਦੀ ਜ਼ਰੂਰਤ ਹੈ ਦੇ ਅਗਲੇ ਦਿਨ ਹੀ ਕੀਤਾ ਗਿਆ ਸੀ।


BADH Accounting Services

26 Years Experience in Accounting

* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms

604-325-8370

Fax: 604-325-6654

# 1393 - 20800 - WESTMINSTER HWY, RICHMOND, BC



Jasbir Singh Badh



Charlesworth insurance services ltd.

Servicing the following insurance needs:

- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

ICBC autoplan

"For Fast, Friendly and Reliable Service!"



Phone: 604-852-2565

Fax: 852-2996

OPEN 7 DAYS A WEEK

MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



KOHALY PRINTING

Tel:604.594.2324 Fax:604.594.2361

Unit 210-12837-76th Ave, Surrey, B.C V3W2V3

www.kohalyprinting.com Email: info@kohalyprinting.com



Wedding Cards
ਵਿਆਹ ਦੇ ਕਾਰਡ

Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਲੰਡਨ ਜਾਣ ਤੋਂ ਰੋਕੇ ਗਏ ਗੁਰਿੰਦਰ ਪਾਲ ਕੌਣ ਹਨ, ਕੀ ਅੰਮ੍ਰਿਤਪਾਲ ਨਾਲ ਉਨ੍ਹਾਂ ਦੀ ਕੋਈ ਸਾਂਝ ਹੈ

ਅੰਮ੍ਰਿਤਸਰ:-'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਦੇ ਸਾਥੀ ਦੱਸੇ ਜਾਂਦੇ ਗੁਰਿੰਦਰ ਪਾਲ ਸਿੰਘ ਉਰਫ਼ ਗੁਰ ਔਜਲਾ ਨੂੰ ਅੰਮ੍ਰਿਤਸਰ ਦੇ ਗੁਰੂ ਰਾਮ ਦਾਸ ਏਅਰਪੋਰਟ ਤੋਂ 9 ਮਾਰਚ ਦੀ ਸਵੇਰ ਸਾਢੇ 11 ਵਜੇ ਹਿਰਾਸਤ ਵਿੱਚ ਲਿਆ ਗਿਆ ਸੀ।ਗੁਰਿੰਦਰ ਪਾਲ ਸਿੰਘ ਮੁਤਾਬਕ ਉਸੇ ਦਿਨ ਸ਼ਾਮ ਨੂੰ ਹੀ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਸੀ ਪਰ ਮਾਨਸਿਕ ਤੌਰ ਉੱਤੇ ਪਰੇਸ਼ਾਨੀ ਬਹੁਤ ਵੱਡੇ ਪੱਧਰ ਉੱਤੇ ਹੋਈ ਹੈ।ਦੱਸ ਦਈਏ ਕਿ ਗੁਰਿੰਦਰ ਪਾਲ ਸਿੰਘ ਦਾ ਜਨਮ ਪੰਜਾਬ ਵਿੱਚ ਹੋਇਆ ਹੈ ਅਤੇ ਉਹ ਫ਼ਿਲਹਾਲ ਲੰਡਨ ਵਿੱਚ ਰਹਿ ਰਹੇ ਹਨ।ਗੁਰਿੰਦਰ ਪਾਲ ਦੇ ਖ਼ਿਲਾਫ਼ ਜਲੰਧਰ ਵਿੱਚ ਮਾਮਲਾ ਦਰਜ ਹੋਣ ਤੋਂ ਬਾਅਦ ਉਨ੍ਹਾਂ ਦੇ ਨਾਮ ਲੁਕਆਊਟ ਸਰਕੂਲਰ ਜਾਰੀ ਕੀਤਾ ਗਿਆ ਸੀ।20 ਫ਼ਰਵਰੀ ਨੂੰ ਗੁਰਿੰਦਰ ਪਾਲ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਇਹ ਮਾਮਲਾ ਉਨ੍ਹਾਂ ਵੱਲੋਂ ਸੋਸ਼ਲ ਮੀਡੀਆ ਉੱਤੇ ਹਥਿਆਰਾਂ ਦੀ ਨੁਮਾਇਸ਼ ਕਰਨ ਦੇ ਇਲਜ਼ਾਮ ਵਿੱਚ ਦਰਜ ਹੋਇਆ ਸੀ।ਗੁਰਿੰਦਰ ਪਾਲ ਸਿੰਘ ਮੁਤਾਬਕ ਉਨ੍ਹਾਂ ਦਾ ਜੱਦੀ ਪਿੰਡ ਕੁੱਕੜ ਹੈ ਤੇ ਉਨ੍ਹਾਂ ਦਾ ਪਿਛੋਕੜ ਫ਼ਗਵਾੜਾ ਦਾ ਹੈ।ਗੁਰਿੰਦਰ ਦੱਸਦੇ ਹਨ ਕਿ ਕੁੱਕੜ ਪਿੰਡ ਵਿੱਚ ਉਨ੍ਹਾਂ ਦਾ ਭਰਾ ਰਹਿੰਦਾ ਹੈ ਤੇ ਉਹ ਬਾਹਰ (ਵਿਦੇਸ਼) ਰਹਿੰਦੇ ਹਨ।ਗੁਰਿੰਦਰ ਪਾਲ ਨੇ ਕਿਹਾ, ''ਮੈਨੂੰ ਯੂਕੇ ਰਹਿੰਦਿਆਂ 15 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਮੇਰੇ ਸਾਰੇ ਪਰਿਵਾਰ ਕੋਲ ਬ੍ਰਿਟਿਸ਼ ਨਾਗਰਿਕਤਾ ਹੈ। ਪਰ ਮੇਰੇ ਕੋਲ ਬ੍ਰਿਟਿਸ਼ ਪਾਸਪੋਰਟ ਨਹੀਂ ਹੈ।''ਗੁਰਿੰਦਰ ਪਾਲ ਦੱਸਦੇ ਹਨ ਕਿ 9 ਫ਼ਰਵਰੀ ਨੂੰ ਉਹ ਪੰਜਾਬ ਆਏ ਸਨ ਅਤੇ 15 ਫ਼ਰਵਰੀ ਨੂੰ ਉਨ੍ਹਾਂ ਦਾ ਪਰਿਵਾਰ ਆਇਆ ਸੀ।ਗੁਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਨਾਲ ਪੰਜਾਬ ਆਏ ਹੋਏ ਸੀ ਤੇ ਉਨ੍ਹਾਂ ਦਾ ਪਰਿਵਾਰ ਦੋ ਦਿਨ ਪਹਿਲਾਂ ਹੀ ਵਾਪਸ ਲੰਡਨ ਚਲਾ ਗਿਆ ਸੀ।ਗੁਰਿੰਦਰ ਪਾਲ ਮੁਤਾਬਕ ਕਿਉਂਕਿ ਉਨ੍ਹਾਂ ਦੀ ਬੇਟੀ ਦਾ ਸਕੂਲ ਸ਼ੁਰੂ ਹੋਣਾ ਸੀ, ਇਸ ਲਈ ਉਨ੍ਹਾਂ ਦੀ ਟਿਕਟ ਦੋ ਦਿਨਾਂ ਬਾਅਦ (9 ਮਾਰਚ) ਦੀ ਸੀ ਅਤੇ ਉਨ੍ਹਾਂ ਨੇ ਬੇਟੀ ਦੇ ਕਿਸੇ ਕੋਰਸ ਦੀ ਐਡਮਿਸ਼ਨ ਲਈ ਜਾਣਾ ਸੀ।ਉਹ ਇਸ ਬਾਰੇ ਅੱਗੇ ਕਹਿੰਦੇ ਹਨ, ''ਪਹਿਲਾਂ ਮੈਂ 16 ਫ਼ਰਵਰੀ ਨੂੰ ਲੰਡਨ ਜਾਣਾ ਸੀ ਪਰ ਬਾਅਦ ਵਿੱਚ ਮੈਨੂੰ ਟਿਕਟ ਅੱਗੇ ਪਾਉਣੀ ਪਈ। ਮੈਂ ਇਸ ਵਾਰ ਜਾ ਕੇ ਡੇਢ ਦੋ ਮਹੀਨੇ ਬਾਅਦ ਫ਼ਿਰ ਵਾਪਸ ਆਉਣਾ ਸੀ, ਕਿਉਂਕਿ ਮੈਂ ਆਪਣੇ ਭਰਾ ਦੇ ਨਾਲ ਖੇਤੀਬਾੜੀ ਨਾਲ ਜੁੜੇ ਕਿਸੇ ਕਾਰੋਬਾਰ ਦੀ ਯੋਜਨਾ ਬਣਾ ਰਿਹਾ ਸੀ।''ਅੰਮ੍ਰਿਤਸਰ ਏਅਰਪੋਰਟ ਉੱਤੇ ਰੋਕੇ ਜਾਣ ਬਾਰੇ ਉਹ ਕਹਿੰਦੇ ਹਨ, ''ਜੇ ਕੋਈ ਐੱਫ਼ਆਈਆਰ ਕੱਟੀ ਗਈ ਹੈ ਤਾਂ ਇਸ ਬਾਰੇ ਕੁਝ ਪਤਾ ਹੀ ਨਹੀਂ ਸੀ। ਜੇ ਐੱਫ਼ਆਈਆਰ ਹੋਈ ਵੀ ਸੀ ਤਾਂ ਇਹ ਇਨ੍ਹਾਂ ਦੀ ਜ਼ਿੰਮੇਵਾਰੀ ਸੀ ਕਿ ਮੈਨੂੰ ਦੱਸਦੇ। ਮੈਨੂੰ ਕਿਸੇ ਨੇ ਕੁਝ ਨਹੀਂ ਦੱਸਿਆ।''ਗੁਰਿੰਦਰ ਪਾਲ ਦੱਸਦੇ ਹਨ, "ਜਦੋਂ ਮੈਂ ਪੰਜਾਬ ਆਇਆ ਸੀ ਤਾਂ ਉਦੋਂ (ਪੁਲਿਸ ਵਾਲੇ) ਆਏ ਸੀ ਤਾਂ ਕਹਿੰਦੇ ਕਿ ਇਹ ਤੁਹਾਡੇ ਲਈ ਨੋਟਿਸ ਹੈ। ਮੈਂ ਤਿੰਨ ਮਹੀਨੇ ਇੱਥੇ ਰਹਿ ਕੇ ਗਿਆ ਸੀ, ਮੇਰੇ ਹੁੰਦੇ ਤਾਂ ਕਿਸੇ ਨੇ ਕੁਝ ਕਿਹਾ ਨਹੀਂ। ਜਦੋਂ ਮੈਂ ਚਲਾ ਗਿਆ ਤਾਂ ਮੇਰੇ ਛੋਟੇ ਭਰਾ ਕੋਲ ਪਿੰਡ ਆ ਕੇ ਪੜਤਾਲ ਕਰਦੇ ਸੀ। ਮੇਰੀ ਵੀ ਪੁਲਿਸ ਨਾਲ ਗੱਲ ਹੋਈ ਤੇ ਮੈਂ ਕਿਹਾ ਕਿ ਤੁਸੀਂ ਜੋ ਮੰਗਦੇ ਹੋ ਅਸੀਂ ਦਿੰਦੇ ਹਾਂ।"ਗੁਰਿੰਦਰ ਪਾਲ ਮੁਤਾਬਕ ਪੁਲਿਸ ਨੇ ਉਨ੍ਹਾਂ ਨੂੰ ਬੁਲਾਇਆ ਕਿ ਸਪੱਸ਼ਟੀਕਰਨ ਦਿਓ।

ਉਨ੍ਹਾਂ ਮੁਤਾਬਕ ਇਹ ਸਪਸ਼ਟੀਕਰਨ ਉਨ੍ਹਾਂ ਦੀ ਵਾਇਰਲ ਫੋਟੋ ਬਾਰੇ ਸੀ, ਜਿਸ ਵਿੱਚ ਉਹ ਅਮ੍ਰਿਤਪਾਲ ਦੇ ਨਾਲ ਖ਼ਾਲਸਾ ਵਹੀਰ ਦੌਰਾਨ ਸ਼ਾਮਲ ਸੀ।ਉਨ੍ਹਾਂ ਮੁਤਾਬਕ ਪੁਲਿਸ ਵਾਲੇ ਕਹਿੰਦੇ ਕਿ ਸੋਸ਼ਲ ਮੀਡੀਆ ਉੱਤੇ ਤੁਹਾਡੀ ਫੋਟੋ ਹੈ, ਤੁਹਾਨੂੰ ਪਤਾ ਹੈ ਕਿ ਧਾਰਾ (188) ਲੱਗੀ ਹੋਈ ਹੈ।ਗੁਰਿੰਦਰ ਪਾਲ ਮੁਤਾਬਕ ਉਨ੍ਹਾਂ ਜਵਾਬ ਦਿੱਤਾ, ''ਮੈਂ ਕਿਹਾ ਜੀ ਕਿ ਮੈਨੂੰ ਕੁਝ ਪਤਾ ਨਹੀਂ, ਮੈਂ ਬਾਹਰੋਂ ਆਇਆਂ ਤੇ ਮੈਨੂੰ ਪਤਾ ਨਹੀਂ ਇੱਥੋਂ ਦੇ ਕਾਨੂੰਨ ਵਿੱਚ ਕੀ ਬਦਲਾਅ ਹੁੰਦਾ ਹੈ, ਹਰ ਦਿਨ ਕੀ ਸੋਧਾਂ ਹੁੰਦੀਆਂ ਹਨ। ਕਾਨੂੰਨ ਪੜ੍ਹਨ ਨੂੰ ਸਮਾਂ ਲੱਗਦਾ ਹੈ, ਮੈਂ ਰਾਹ ਵਿੱਚ ਜਾ ਰਿਹਾ ਹਾਂ ਤਾਂ ਮੈਨੂੰ ਨਹੀਂ ਪਤਾ ਕਿ ਉੱਥੇ ਕਿਹੜੀ ਧਾਰਾ ਲੱਗੀ ਹੋਈ ਹੈ, ਮੈਂ ਇਹ ਥੋੜ੍ਹਾ ਚੈੱਕ ਕਰੀ ਜਾਵਾਂਗਾ ਕਿ ਰੋਡ ਉੱਤੇ ਕਿਹੜੀ ਧਾਰਾ ਲੱਗੀ ਹੋਈ ਹੈ।''ਗੁਰਿੰਦਰ ਪਾਲ ਸਿੰਘ ਮੁਤਾਬਕ ਉਹ ਆਪਣਾ ਸਪੱਸ਼ਟੀਕਰਨ ਦੇ ਕੇ ਆਏ ਅਤੇ ਥਾਣੇਦਾਰ ਕਹਿੰਦੇ ਕਿ ਸੀਨੀਅਰ ਅਫ਼ਸਰ ਨਾਲ ਗੱਲ ਕਰ ਲਓ।ਗੁਰਿੰਦਰ ਪਾਲ ਮੁਤਾਬਕ ਸੀਨੀਅਰ ਅਫ਼ਸਰ ਮੌਜੂਦ ਨਹੀਂ ਸੀ।ਗੁਰਿੰਦਰ ਕਹਿੰਦੇ ਹਨ, ''ਮੇਰੇ ਭਰਾ ਨੂੰ ਵੀ ਪੁੱਛਦੇ ਰਹੇ, ਮੈਂ ਕਿਹਾ ਕਿ ਮੈਨੂੰ ਦੱਸੋ ਕਿ ਕੋਈ ਗ਼ਲਤੀ ਕੀਤੀ ਹੈ, ਕੋਈ ਜੁਰਮ ਕੀਤਾ ਹੈ, ਕੁਝ ਦੱਸੋ ਤਾਂ ਸਹੀ। ਕਿਸੇ ਨੇ ਕੁਝ ਨਹੀਂ ਦੱਸਿਆ। ਕਹਿੰਦੇ ਕਿ ਸਭ ਕੁਝ ਠੀਕ ਹੈ ਜੀ, ਵੈਸੇ ਹੀ ਸਾਨੂੰ ਪਿੱਛੋ ਆਰਡਰ ਹੁੰਦੇ ਹਨ।''ਉਨ੍ਹਾਂ ਮੁਤਾਬਕ ਜਦੋਂ ਉਹ ਏਅਰਪੋਰਟ ਉੱਤੇ (9 ਮਾਰਚ) ਇਮੀਗ੍ਰੇਸ਼ਨ ਵੱਲ ਗਏ ਤਾਂ ਉਨ੍ਹਾਂ ਦੇ ਸਿਸਟਮ ਵਿੱਚ ਕੋਈ ਐੱਫ਼ਆਈਆਰ ਆਈ।ਗੁਰਿੰਦਰ ਪਾਲ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ।''ਮੈਨੂੰ ਉੱਥੇ ਰੋਕਿਆ ਗਿਆ ਅਤੇ ਮੇਰੀ ਬਦਸਲੂਕੀ ਹੋਈ। ਮੇਰੀ ਟਿਕਟ ਵੀ ਖ਼ਰਾਬ ਹੋਈ, ਸਮਾਂ ਵੀ ਅਤੇ ਮੇਰੇ ਬੱਚੇ ਦਾ ਫੰਕਸ਼ਨ ਸੀ ਤੇ ਉਹ ਬਹੁਤ ਜ਼ਰੂਰੀ ਸੀ, ਮੈਂ ਉਸ ਤੋਂ ਵੀ ਵਾਂਝਾ ਰਿਹਾ।''

ਗੁਰਿੰਦਰ ਪਾਲ ਨੇ ਕਿਹਾ, ''ਜਦੋਂ ਦੀ ਖ਼ਾਲਸਾ ਵਹੀਰ ਚਲਾਈ ਗਈ ਮੈਂ ਉਦੋਂ ਹੀ ਇੱਥੇ ਆਇਆ ਸੀ। ਆਈਬੀ ਅਤੇ ਹੋਰ ਏਜੰਸੀਆਂ ਨੇ ਵੀ ਇਸ ਬਾਬਤ ਮੈਨੂੰ ਸਵਾਲ ਪੁੱਛੇ ਸਨ, ਉਨ੍ਹਾਂ ਨੂੰ ਵੀ ਮੈਂ ਇਹੀ ਦੱਸਿਆ ਕਿ ਕਿਸਾਨ ਅੰਦੋਲਨ ਸ਼ੁਰੂ ਹੋਇਆ ਤਾਂ ਮੈਂ ਦੀਪ ਸਿੱਧੂ ਤੇ ਉਨ੍ਹਾਂ ਦੇ ਕੰਮ ਦਾ ਫ਼ੈਨ ਸੀ।ਉਨ੍ਹਾਂ ਅੱਗੇ ਕਿਹਾ, ''ਦੂਜੇ ਪਾਸੇ ਸਾਡੇ ਭਾਈ ਅਮ੍ਰਿਤਪਾਲ ਸਿੰਘ ਹਨ, ਜਿਹੜੀ ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਾ ਛੁਡਾਉਣ ਲਈ ਨਸ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਹੈ ਤਾਂ ਮੈਂ ਇਸ ਚੀਜ਼ ਨੂੰ ਸਪੋਰਟ ਕਰਦਾ ਹਾਂ।''''ਮੈਨੂੰ ਆਈਬੀ ਵਾਲੇ ਕਹਿੰਦੇ ਤੁਸੀਂ ਕਿਵੇਂ ਸਪੋਰਟ ਕਰਦੇ ਹੋ, ਦੋਸਤਾਨਾ ਸਪੋਰਟ ਕਰਦੇ ਹੋ ਜਾਂ ਸੋਸ਼ਲ ਮੀਡੀਆ ਉੱਤੇ?। ਮੈਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਜਿਹੜੀ ਕੌਮ ਤੋਂ ਆਉਂਦੇ ਹਾਂ ਉਸ ਵਿੱਚ ਇੱਕ ਅਰਦਾਸ ਹੈ। ਅਸੀਂ ਭਾਈ ਅਮ੍ਰਿਤਪਾਲ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹਾਂ। ਉਹ ਵੀ ਇੱਕ ਸਾਡੀ ਨੈਤਿਕ ਸਪੋਰਟ ਹੁੰਦੀ ਹੈ ਤੇ ਤੁਸੀਂ ਹਰ ਚੀਜ਼ ਨੂੰ ਗ਼ਲਤ ਪਾਸੇ ਨਾ ਜੋੜਿਆ ਕਰੋ।''ਗੁਰਿੰਦਰ ਪਾਲ ਦਾ ਇਲਜ਼ਾਮ ਹੈ ਕਿ ਉਨ੍ਹਾਂ ਨੇ ਪੁਲਿਸ ਨੂੰ ਆਪਣਾ ਪਾਸਪੋਰਟ ਸੌਂਪ ਦਿੱਤਾ ਪਰ ਇਨ੍ਹਾਂ ਨੇ ਇਸ ਦੀ ਕਾਪੀਆਂ ਮੀਡੀਆ ਵਿੱਚ ਦੇ ਦਿੱਤੀਆਂ।ਉਨ੍ਹਾਂ ਮੁਤਾਬਕ ਉਨ੍ਹਾਂ ਦੀ ਨਿੱਜੀ ਜਾਣਕਾਰੀ ਪੂਰੀ ਦੁਨੀਆਂ ਵਿੱਚ ਨਸ਼ਰ ਹੋ ਗਈ ਹੈ।ਗੁਰਿੰਦਰ ਪਾਲ ਦੱਸਦੇ ਹਨ ਕਿ ਫ਼ਿਲਹਾਲ ਪਾਸਪੋਰਟ ਅਤੇ ਹੋਰ ਕਾਗਜ਼ ਪੁਲਿਸ ਨੇ ਉਨ੍ਹਾਂ ਨੂੰ ਵਾਪਸ ਦੇ ਦਿੱਤੇ ਹਨ।ਜਲੰਧਰ ਕੈਂਟ ਤੋਂ ਪੰਜਾਬ ਪੁਲਿਸ ਦੇ ਸਹਾਇਕ ਪੁਲਿਸ ਕਮਿਸ਼ਨਰ ਬਬਨਦੀਪ ਸਿੰਘ ਲੁਬਾਣਾ ਨੇ ਬੀਬੀਸੀ ਸਹਿਯੋਗੀ ਪ੍ਰਦੀਪ ਸ਼ਰਮਾ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਸਰਕਾਰੀ ਹਦਾਇਤਾਂ ਮੁਤਾਬਕ ਹਥਿਆਰਾਂ ਦੀ ਸੋਸ਼ਲ ਮੀਡੀਆ ਉੱਤੇ ਨੁਮਾਇਸ਼ ਕਰਨ 'ਤੇ ਪਾਬੰਦੀ ਹੈ।ਬਬਨਦੀਪ ਸਿੰਘ ਨੇ ਦੱਸਿਆ, ''ਸਾਨੂੰ ਜਾਣਕਾਰੀ ਮਿਲੀ ਕਿ ਗੁਰਿੰਦਰ ਪਾਲ ਸਿੰਘ ਨਾਮ ਦੇ ਵਿਅਕਤੀ ਨੂੰ ਹਥਿਆਰਾਂ ਨਾਲ ਦੇਖਿਆ ਗਿਆ ਹੈ। ਜਦੋਂ ਅਸੀਂ ਸੋਸ਼ਲ ਮੀਡੀਆ ਦੇਖ ਰਹੇ ਸੀ ਤਾਂ ਉਹ ਤਸਵੀਰ ਸਾਹਮਣੇ ਆਈ ਅਤੇ ਇਸ ਤਹਿਤ ਸਦਰ ਥਾਣਾ, ਜਲੰਧਰ ਵਿੱਚ ਡੀਡੀਆਰ ਐਂਟਰੀ ਪਾ ਕੇ ਇਨ੍ਹਾਂ ਨੂੰ (ਗੁਰਿੰਦਰ ਪਾਲ) ਨੋਟਿਸ ਜਾਰੀ ਕੀਤੇ ਗਏ।''

''ਇਹ ਨੋਟਿਸ 16 ਅਤੇ 17 ਫ਼ਰਵਰੀ ਨੂੰ ਜਾਰੀ ਕੀਤੇ ਗਏ ਤਾਂ ਜੋ ਇਹ ਪੜਤਾਲ ਵਿੱਚ ਸ਼ਾਮਲ ਹੋ ਕੇ ਆਪਣਾ ਪੱਖ ਰੱਖ ਸਕਣ। ਇਹ ਦੱਸ ਸਕਣ ਕਿ ਜੋ ਹਥਿਆਰ ਉਨ੍ਹਾਂ ਕੋਲ ਸੀ, ਉਨ੍ਹਾਂ ਨੇ ਕਿਉਂ ਉਸ ਹਥਿਆਰ ਦੀ ਨੁਮਾਇਸ਼ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਦੇ ਲਾਇਸੈਂਸ ਬਾਰੇ ਪਤਾ ਕੀਤਾ ਜਾ ਸਕੇ। ਨੋਟਿਸ ਦੇਣ ਤੋਂ ਬਾਅਦ ਇਹ ਪੜਤਾਲ ਵਿੱਚ ਸ਼ਾਮਲ ਨਹੀਂ ਹੋਏ।''''ਅਸੀਂ



20 ਫ਼ਰਵਰੀ 2023 ਨੂੰ ਇੱਕ ਐੱਫ਼ਆਈਆਰ ਦਰਜ ਕੀਤੀ। ਉਸ ਐਫ਼ਆਈਆਰ ਵਿੱਚ ਆਈਪੀਸੀ ਦੀ ਧਾਰਾ 188 ਲਗਾਈ ਪਰ ਇਸ ਤੋਂ ਬਾਅਦ ਵੀ ਇਹ (ਗੁਰਿੰਦਰ ਪਾਲ) ਤਫ਼ਤੀਸ਼ ਵਿੱਚ ਸ਼ਾਮਲ ਨਹੀਂ ਹੋਏ। ਫ਼ਿਰ ਅਸੀਂ ਲੁਕ ਆਊਟ ਸਰਕੂਲਰ ਜਾਰੀ ਕੀਤਾ ਤਾਂ ਜੋ ਇਨ੍ਹਾਂ ਨੂੰ ਫੜਿਆ ਜਾ ਸਕੇ।''

''ਕੱਲ (9 ਮਾਰਚ) ਨੂੰ ਜਦੋਂ ਇਹ (ਗੁਰਿੰਦਰ ਪਾਲ) ਅੰਮ੍ਰਿਤਸਰ ਏਅਰਪੋਰਟ ਉੱਤੇ ਯੂਕੇ ਦੀ ਫਲਾਈਟ ਫੜ੍ਹਨ ਲੱਗੇ ਸੀ ਤਾਂ ਇਨ੍ਹਾਂ ਨੂੰ ਏਅਰਪੋਰਟ ਦੀਆਂ ਸਥਾਨਕ ਅਥਾਰਿਟੀਆਂ ਨੇ ਫੜਿਆ ਅਤੇ ਥਾਣਾ ਸਦਰ ਨੂੰ ਇਸ ਦੀ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਥਾਣਾ ਸਦਰ ਦੇ ਐੱਸਐੱਚਓ ਨੇ ਅੰਮ੍ਰਿਤਸਰ ਏਅਰਪੋਰਟ ਜਾ ਕੇ ਕਾਨੂੰਨੀ ਕਾਰਵਾਈ ਕੀਤੀ ਗਈ ਤਾਂ ਜੋ ਇਹ (ਗੁਰਿੰਦਰ ਪਾਲ) ਸਾਡੇ ਨਾਲ ਤਫ਼ਤੀਸ਼ ਵਿੱਚ ਸ਼ਾਮਲ ਹੋ ਕੇ ਆਪਣਾ ਪੱਖ ਰੱਖ ਸਕਣ।''ਬਬਨਦੀਪ ਸਿੰਘ ਦੱਸਦੇ ਹਨ ਕਿ ਆਈਪੀਸੀ ਦੀ ਧਾਰਾ 188 ਨੂੰ ਜੇ ਕੋਈ ਤੋੜਦਾ ਹੈ ਤਾਂ ਉਸ ਸ਼ਖ਼ਸ ਉੱਤੇ ਪੁਲਿਸ ਵੱਲੋਂ ਇਸ ਤਹਿਤ ਕੇਸ ਦਰਜ ਕੀਤਾ ਜਾਂਦਾ ਹੈ। ਇਸ ਧਾਰਾ ਤਹਿਤ ਜ਼ੁਰਮ ਜ਼ਮਾਨਤੀ ਹੁੰਦਾ ਹੈ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



**CANRISE IMMIGRATION**

www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ

ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

**BCPNP ਬੀ ਸੀ ਪੀ ਐਨ ਪੀ**

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਣੇ ਬਿਜਨਸ ਵਿੱਚ ਆਪਣੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

**OUR SERVICES:**

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

**Ranjeet S. Sohi**
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

iccrc crcic



**UNI GLOBAL IMMIGRATION**

**Consulting Services Ltd.**

Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com

RCIC CRIC

# ਆਰਐੱਸਐੱਸ ਦੀ 'ਗਰਭ ਸੰਸਕਾਰ' ਮੁਹਿੰਮ ਕੀ ਗਰਭ 'ਚ ਹੀ ਬੱਚਾ ਸੰਸਕਾਰ, ਸ਼ਿਸ਼ਟਾਚਾਰ ਸਿੱਖ ਸਕਦਾ ਹੈ?

ਦਿੱਲੀ (ਸੁਸ਼ੀਲਾ ਸਿੰਘ) ਰਾਸ਼ਟਰ ਸੇਵਿਕਾ ਕਮੇਟੀ ਨਾਲ ਸੰਬੰਧ ਰੱਖਣ ਵਾਲੀ ਸੰਸਥਾ ਸੰਵਰਧਿਨੀ ਨਿਆਸ ਨੇ ਗਰਭਵਤੀ ਔਰਤਾਂ ਦੇ ਲਈ 'ਗਰਭ ਸੰਸਕਾਰ' ਮੁਹਿੰਮ ਦਾ ਆਗਾਜ਼ ਕੀਤਾ ਹੈ।ਰਾਸ਼ਟਰ ਸੇਵਿਕਾ ਸਮਿਤੀ, ਰਾਸ਼ਟਰੀ ਸਵੈਮ ਸੇਵਕ, ਆਰਐੱਸਐੱਸ ਦੀ ਔਰਤਾਂ ਨਾਲ ਜੁੜੀ ਸੰਸਥਾ ਹੈ।ਸਮਾਚਾਰ ਏਜੰਸੀ ਪੀਟੀਆਈ ਮੁਤਾਬਕ ਸੰਵਰਧਿਨੀ ਨਿਆਸ ਦੀ ਕੌਮੀ ਪ੍ਰਬੰਧਕ ਸਕੱਤਰ ਮਾਧੁਰੀ ਮਰਾਠੇ ਦਾ ਕਹਿਣਾ ਸੀ, "ਗਰਭਵਤੀ ਔਰਤਾਂ ਲਈ ਗਰਭ ਸੰਸਕਾਰ ਨਾਮ ਦੀ ਮੁਹਿੰਮ ਵਿੱਢੀ ਗਈ ਹੈ ਤਾਂ ਜੋ ਕੁੱਖ 'ਚ ਹੀ ਬੱਚੇ ਨੂੰ ਸੰਸਕਾਰਾਂ ਅਤੇ ਕਦਰਾਂ ਕੀਮਤਾਂ ਬਾਰੇ ਸਿਖਾਇਆ ਜਾ ਸਕੇ।"

ਉਨ੍ਹਾਂ ਦਾ ਕਹਿਣਾ ਸੀ, "ਗਾਇਨੀਕੋਲੋਜਿਸਟਸ, ਆਯੁਰਵੇਦ ਦੇ ਡਾਕਟਰਾਂ ਅਤੇ ਯੋਗਾ ਟ੍ਰੇਨਰਾਂ ਰਾਹੀਂ ਨਿਆਸ ਇੱਕ ਪ੍ਰੋਗਰਾਮ ਦੀ ਯੋਜਨਾ ਬਣਾ ਰਿਹਾ ਹੈ, ਜਿਸ 'ਚ ਗੀਤਾ ਅਤੇ ਰਾਮਾਇਣ ਦਾ ਪਾਠ ਪੜ੍ਹਨਾ ਅਤੇ ਗਰਭ ਦੌਰਾਨ ਯੋਗ ਕਰਨਾ ਆਦਿ ਸ਼ਾਮਲ ਹੈ ਤਾਂ ਜੋ ਕੁੱਖ 'ਚ ਪਲ ਰਹੇ ਬੱਚੇ 'ਚ ਸੰਸਕਾਰ, ਕਦਰਾਂ ਕੀਮਤਾਂ ਦਾ ਨਿਰਵਾਹ ਕੀਤਾ ਜਾ ਸਕੇ।"ਉਨ੍ਹਾਂ ਅਨੁਸਾਰ ਰਾਜਧਾਨੀ ਦਿੱਲੀ ਸਥਿਤ ਜਵਾਹਰ ਲਾਲ ਯੂਨੀਵਰਸਿਟੀ 'ਚ ਰਾਸ਼ਟਰ ਸੇਵਿਕਾ ਸਮਿਤੀ ਵੱਲੋਂ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਸੀ, ਜਿਸ 'ਚ 12 ਸੂਬਿਆਂ ਦੀਆਂ 80 ਗਾਇਨੀਕੋਲੋਜਿਸਟਾਂ ਨੇ ਸ਼ਮੂਲੀਅਤ ਕੀਤੀ ਸੀ।ਮਾਧੁਰੀ ਮਰਾਠੇ ਨੇ ਪੀਟੀਆਈ ਨੂੰ ਦੱਸਿਆ, "ਇਹ ਪ੍ਰੋਗਰਾਮ ਗਰਭਵਤੀ ਔਰਤ ਅਤੇ ਬੱਚੇ ਦੀ ਦੋ ਸਾਲ ਉਮਰ ਹੋਣ ਤੱਕ ਜਾਰੀ ਰਹੇਗਾ ਅਤੇ ਇਸ ਪ੍ਰੋਗਰਾਮ 'ਚ ਗੀਤਾ ਦੇ ਸਲੋਕ, ਰਾਮਾਇਣ ਦੀ ਚੌਪਈ ਦਾ ਪਾਠ ਹੋਵੇਗਾ। ਗਰਭ 'ਚ ਪਲ ਰਿਹਾ ਬੱਚਾ 500 ਸ਼ਬਦ ਤੱਕ ਸਿੱਖ ਸਕਦਾ ਹੈ।"

ਪਰ ਕੀ ਗਰਭ 'ਚ ਪਲ ਰਿਹਾ ਬੱਚਾ ਸੱਚਮੁੱਚ ਸ਼ਬਦਾਂ ਜਾਂ ਕਿਸੇ ਭਾਸ਼ਾ ਨੂੰ ਸਮਝ ਸਕਦਾ ਹੈ। ਵਿਗਿਆਨ ਦੀ ਦੁਨੀਆਂ ਇਸ ਮਾਮਲੇ 'ਚ ਵੰਡੀ ਹੋਈ ਹੈ।ਮੁੰਬਈ ਸਥਿਤ ਮਹਿਲਾ ਕਾਰਕੁਨ ਅਤੇ ਇਸਤਰੀ ਰੋਗ ਮਾਹਰ ਡਾਕਟਰ ਸੁਚਿਤਰਾ ਦੇਲਵੀ ਦਾ ਕਹਿਣਾ ਹੈ ਕਿ ਗਰਭ 'ਚ ਪਲ ਰਿਹਾ ਬੱਚਾ ਆਵਾਜ਼ ਤਾਂ ਸੁਣ ਸਕਦਾ ਹੈ ਪਰ ਉਹ ਕਿਸੇ ਵੀ ਭਾਸ਼ਾ ਨੂੰ ਸਮਝਣ 'ਚ ਅਸਮਰਥ ਹੁੰਦਾ ਹੈ।

ਉਨ੍ਹਾਂ ਦਾ ਕਹਿਣਾ ਹੈ, "ਜਿਵੇਂ-ਜਿਵੇਂ ਕੁੱਖ 'ਚ ਪਲ ਰਹੇ ਬੱਚੇ ਦੇ ਸਰੀਰ ਦਾ ਵਿਕਾਸ ਹੁੰਦਾ ਹੈ, ਉਸ ਦੇ ਕੰਨ ਵੀ ਵਿਕਸਤ ਹੁੰਦੇ ਹਨ। ਅਜਿਹੀ ਸਥਿਤੀ 'ਚ ਧੁਨੀ ਤਰੰਗ ਵੀ ਉਸ ਤੱਕ ਪਹੁੰਚਦੀ ਹੈ।" "ਪਰ ਉਨ੍ਹਾਂ ਧੁਨੀਆਂ ਦਾ ਕੀ ਮਤਲਬ ਹੈ, ਉਸ ਦਾ ਬੱਚੇ ਨੂੰ ਕੁਝ ਗਿਆਨ ਨਹੀਂ ਹੁੰਦਾ ਹੈ। ਅਜਿਹੀ ਸਥਿਤੀ 'ਚ ਜੇਕਰ ਮਾਂ ਸੰਸਕ੍ਰਿਤ ਜਾਂ ਕੋਈ ਵੀ ਸਲੋਕ ਪੜ੍ਹ ਰਹੀ ਹੈ ਤਾਂ ਉਹ ਬੱਚੇ ਨੂੰ ਕਿਵੇਂ ਸਮਝ ਆਉਣਗੇ?"ਉਨ੍ਹਾਂ ਦਾ ਮੰਨਣਾ ਹੈ ਕਿ ਇਹ ਇੱਕ ਮਿੱਥ ਹੈ ਅਤੇ ਇਸ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ।ਡਾ. ਸੁਚਿਤਰਾ ਦੇਲਵੀ ਦਾ ਕਹਿਣਾ ਹੈ ਕਿ ਸਾਨੂੰ ਅਜਿਹੀਆਂ ਗੱਲਾਂ ਬਾਰੇ ਸੋਚਣ ਦੀ ਬਜਾਏ ਉਨ੍ਹਾਂ ਬੱਚਿਆਂ ਬਾਰੇ ਸੋਚਣਾ ਚਾਹੀਦਾ ਹੈ ਜੋ ਕਿ ਇਸ ਦੁਨੀਆ 'ਚ ਜਨਮ ਲੈ ਚੁੱਕੇ ਹਨ।ਪਰ ਭੋਜਨ, ਸਿੱਖਿਆ ਵਰਗੀਆਂ ਬੁਨਿਆਦੀ ਚੀਜ਼ਾਂ ਤੋਂ ਵਾਂਝੇ ਹਨ। ਬੱਚਿਆਂ ਨੂੰ ਇੱਕ ਚੰਗੇ ਨਾਗਰਿਕ ਅਤੇ ਸੰਸਕਾਰੀ ਵਿਅਕਤੀ ਬਣਾਉਣ ਬਾਰੇ ਗੱਲ ਕੀਤੀ ਜਾਣੀ ਚਾਹੀਦੀ ਹੈ।ਉਨ੍ਹਾਂ ਅਨੁਸਾਰ, "ਜਦੋਂ ਕੁੱਖ 'ਚ ਪਲ ਰਿਹਾ ਬੱਚਾ ਭਾਸ਼ਾ ਹੀ ਨਹੀਂ ਸਮਝ ਸਕਦਾ ਹੈ ਤਾਂ ਉਸ ਨੂੰ ਕਿਵੇਂ ਪਤਾ ਲੱਗੇਗਾ ਕਿ ਉਸ ਦੀ ਮਾਂ ਮੰਤਰਾਂ ਦਾ ਜਾਪ ਕਰ ਰਹੀ ਹੈ।"ਉਨ੍ਹਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਗਰਭ ਸੰਸਕਾਰਾਂ ਦੀ ਗੱਲ ਕਰਨਾ ਇੱਕ ਛਲ ਵਿਗਿਆਨ ਹੈ।ਉਨ੍ਹਾਂ ਅਨੁਸਾਰ, "ਇੱਕ ਮਾਂ ਦਾ ਖੁਸ਼ ਰਹਿਣਾ ਅਹਿਮ ਹੁੰਦਾ ਹੈ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ ਗਰਭਵਤੀ



ਮਾਂ ਨੂੰ ਖੁਸ਼ ਰੱਖਣ ਅਤੇ ਉਸ ਦੀ ਖੁਰਾਕ ਦਾ ਵੀ ਖਾਸ ਧਿਆਨ ਰੱਖਿਆ ਜਾਵੇ।" ਕੁਝ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਇੱਕ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਯਤਨ ਹੈ।

ਵਿਸ਼ਲੇਸ਼ਕ ਰਾਜੇਸ਼ ਸਿਨਹਾ ਦਾ ਕਹਿਣਾ ਹੈ ਕਿ ਹਿੰਦੂ ਭਾਵਨਾਵਾਂ ਨੂੰ ਉਭਾਰਨ ਦੇ ਲਈ ਅਜਿਹੀਆਂ ਗੱਲਾਂ ਕਹੀਆਂ ਜਾਂਦੀਆਂ ਹਨ, ਜਿਸ ਦਾ ਕੋਈ ਤਰਕਸੰਗਤ ਆਧਾਰ ਨਹੀਂ ਹੁੰਦਾ ਹੈ।ਭਾਰਤ 'ਚ ਲੋਕਾਂ 'ਚ ਅੰਧਵਿਸ਼ਵਾਸ ਭਰਿਆ ਪਿਆ ਹੈ ਅਤੇ ਉਹ ਪੰਚਾਂਗ ਅਤੇ ਵਾਸਤੂ 'ਚ ਵਿਸ਼ੇਸ਼ ਵਿਸ਼ਵਾਸ ਰੱਖਦੇ ਹਨ। ਅਜਿਹੀਆਂ ਗੱਲਾਂ ਉਨ੍ਹਾਂ ਦਾ ਸਿਆਸੀ ਅਤੇ ਸੱਭਿਆਚਾਰਕ ਆਧਾਰ ਵਧਾਉਂਦੀਆਂ ਹਨ।

ਇਸ ਤੋਂ ਪਹਿਲਾਂ ਵੀ ਆਰਐੱਸਐੱਸ ਦੀ ਸਿਹਤ ਸ਼ਾਖਾ ਅਰੋਗਿਆ ਭਾਰਤੀ ਵੱਲੋਂ ਗਰਭ ਵਿਗਿਆਨ ਸੰਸਕਾਰ ਨੂੰ ਸ਼ੁਰੂ ਕਰਨ ਦੀਆਂ ਖ਼ਬਰਾਂ ਆਈਆਂ ਸਨ।ਇਸ ਨੂੰ ਗੁਜਰਾਤ ਤੋਂ ਸ਼ੁਰੂ ਕੀਤਾ ਗਿਆ ਸੀ ਅਤੇ ਸਾਲ 2015 'ਚ ਇਸ ਨੂੰ ਰਾਸ਼ਟਰੀ ਪੱਧਰ 'ਤੇ ਪਹੁੰਚਾਇਆ ਗਿਆ ਸੀ। ਉੱਥੇ ਹੀ ਹੁਣ ਆਰਐੱਸਐੱਸ ਦੀ ਵਿਦਿਆ ਭਾਰਤੀ ਸ਼ਾਖਾ ਦੇ ਸਹਿਯੋਗ ਨਾਲ ਦੂਜੇ ਸੂਬਿਆਂ 'ਚ ਵੀ ਪਹੁੰਚਾਇਆ ਜਾ ਰਿਹਾ ਹੈ।

# ਬਾਬਾ ਫੂਲਾ ਸਿੰਘ ਨੇ ਸਿੱਖ ਇਤਿਹਾਸ ਨੂੰ ਸ਼ਾਨਾਮੱਤਾ ਬਣਾਇਆ :ਜਥੇਦਾਰ

ਅੰਮ੍ਰਿਤਸਰ:-(ਜਸਬੀਰ ਸਿੰਘ ਪੱਟੀ) ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਜੀ ਸ਼ਹੀਦੀ ਸ਼ਤਾਬਦੀ ਦੇ ਤੀਜੇ ਪੜਾਅ ਦਾ ਸਮਾਗਮ ਸੋਮਵਾਰ ਛਾਉਣੀ ਬੁੱਢਾ ਦਲ ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਮਹਾਨ ਗੁਰਮਤਿ ਸਮਾਗਮ ਹੋਏ, ਜਿਸ ਵਿਚ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਗੁ: ਬੋਰਡ ਹਜ਼ੂਰ ਸਾਹਿਬ ਅਤੇ ਵੱਡੀ ਗਿਣਤੀ ਸਿੱਖ ਸੰਪਰਦਾਵਾਂ, ਸੰਸਥਾਵਾਂ ਤੇ ਨਿਹੰਗ ਸਿੰਘ ਦਲਾਂ ਨੇ ਵਧ-ਚੜ੍ਹ ਕੇ ਹਾਜ਼ਰੀ ਭਰੀ ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਬੋਧਨ ਕਰਦਿਆ ਕਿਹਾ ਬੁੱਢਾ ਦਲ ਦੇ ਚੌਥੇ ਮੁਖੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਅਤੇ ਛੇਵੇਂ ਮੁਖੀ ਅਕਾਲੀ ਬਾਬਾ ਫੂਲਾ ਸਿੰਘ ਦੀਆਂ ਘਾਲੀਆਂ ਘਾਲਾਂ ਕਾਰਨ ਹੀ ਸਿੱਖਾਂ ਦਾ ਸ਼ਾਨਾਮੱਤਾ ਇਤਿਹਾਸ ਹੈ।ਬੁੱਢਾ ਦਲ ਵੱਲੋਂ ਅਕਾਲੀ ਜੀ ਦੀ ਮਨਾਈ ਗਈ ਸ਼ਤਾਬਦੀ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ ਹੋਵੇਗੀ ।







# "ਪ੍ਰੈਸ ਦੀ ਆਜ਼ਾਦੀ 'ਤੇ ਮੋਦੀ ਦਾ ਆਖਰੀ ਹਮਲਾ...":ਅਨੁਰਾਧਾ ਭਸੀਨ



ਨਵੀਂ ਦਿੱਲੀ- ਭਾਰਤ ਵਾਲੇ ਜੰਮੂ-ਕਸ਼ਮੀਰ ਵਿੱਚ ਪ੍ਰੈੱਸ ਦੀ ਆਜ਼ਾਦੀ 'ਤੇ ਪਾਬੰਦੀਆਂ ਬਾਰੇ 'ਦਿ ਨਿਊਯਾਰਕ ਟਾਈਮਜ਼' ਵੱਲੋਂ ਪ੍ਰਕਾਸ਼ਿਤ ਰਾਇਸ਼ੁਮਾਰੀ ਲੇਖ ਨੇ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਨੂੰ ਬੇਚੈਨ ਕਰ ਦਿੱਤਾ ਹੈ।"ਭਾਰਤ ਦੀ ਪ੍ਰੈੱਸ ਦੀ ਆਜ਼ਾਦੀ 'ਤੇ ਮੋਦੀ ਦਾ ਅੰਤਮ ਹਮਲਾ ਸ਼ੁਰੂ ਹੋ ਗਿਆ ਹੈ" ਸਿਰਲੇਖ ਵਾਲਾ ਦਿ ਕਸ਼ਮੀਰ ਟਾਈਮਜ਼ ਦੀ ਕਾਰਜਕਾਰੀ ਸੰਪਾਦਕ ਅਨੁਰਾਧਾ ਭਸੀਨ ਦੁਆਰਾ ਲਿਖੀ ਗਿਆ, ਲੇਖਕ ਨੇ ਵਿਸਥਾਰ ਵਿੱਚ ਦੱਸਿਆ ਹੈ ਕਿ ਮੋਦੀ ਦੀਆਂ ਦਮਨਕਾਰੀ ਮੀਡੀਆ ਨੀਤੀਆਂ ਕਿਵੇਂ ਹਨ। ਕਸ਼ਮੀਰੀ ਪੱਤਰਕਾਰੀ ਨੂੰ ਤਬਾਹ ਕਰਨਾ, ਮੀਡੀਆ ਆਉਟਲੈਟਾਂ ਨੂੰ ਸਰਕਾਰੀ ਮੁਖ ਪੱਤਰਾਂ ਵਜੋਂ ਕੰਮ ਕਰਨ ਲਈ ਡਰਾਉਣਾ ਅਤੇ ਲਗਭਗ 13 ਮਿਲੀਅਨ ਲੋਕਾਂ ਦੇ ਵਿਵਾਦਿਤ ਖੇਤਰ ਵਿੱਚ ਜਾਣਕਾਰੀ ਦਾ ਖਲਾਅ ਪੈਦਾ ਕਰਨਾ।ਭਸੀਨ ਅੱਗੇ ਲਿਖਦੇ ਹਨ, "ਮੋਦੀ ਅਜਿਹੇ ਕਦਮ ਚੁੱਕ ਰਹੇ ਹਨ ਜੋ ਇਹ ਪਰੇਸ਼ਾਨ ਕਰਨ ਵਾਲੇ ਮਾਡਲ ਨੂੰ ਰਾਸ਼ਟਰੀ ਪੈਮਾਨੇ 'ਤੇ ਦੁਹਰਾਇਆ ਜਾ ਸਕਦਾ ਹੈ। ਭਾਰਤੀ ਮੁਸਲਮਾਨਾਂ ਵਿਰੁੱਧ ਅਸਹਿਣਸ਼ੀਲਤਾ ਅਤੇ ਹਿੰਸਾ ਨੂੰ ਆਮ ਬਣਾਉਣ ਵਾਲੀ ਉਸ ਦੀ ਹਿੰਦੂਤਵੀ ਲਹਿਰ ਨੇ ਪਹਿਲਾਂ ਹੀ ਭਾਰਤ ਦੀ ਪ੍ਰੈਸ 'ਤੇ ਸਖ਼ਤ ਦਬਾਅ ਪਾਇਆ ਹੈ। ਪੱਤਰਕਾਰਾਂ ਨੂੰ ਨਿਗਰਾਨੀ ਅਤੇ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ ਹੈ, ਅਤੇ ਸਰਕਾਰ ਅਨੁਕੂਲ ਕਵਰੇਜ ਨੂੰ ਯਕੀਨੀ ਬਣਾਉਣ ਲਈ ਮੀਡੀਆ ਆਉਟਲੈਟਾਂ ਵਿਰੁੱਧ ਸਖ਼ਤੀ ਦੀ ਵਰਤੋਂ ਕਰ ਰਹੀ ਹੈ। ਭਾਰਤ ਦੇ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਪ੍ਰਤੀਕਿਰਿਆ ਦਿੰਦੇ ਹੋਏ ਟਵਿੱਟਰ 'ਤੇ ਦਾਅਵਾ ਕੀਤਾ,ਕਿ "ਕਸ਼ਮੀਰ ਵਿੱਚ ਪ੍ਰੈਸ ਦੀ ਆਜ਼ਾਦੀ ਬਾਰੇ ਨਿਊਯਾਰਕ ਟਾਈਮਜ਼ ਦੀ ਅਖੌਤੀ ਰਿਪੋਰਟ ਸ਼ਰਾਰਤੀ ਅਤੇ ਫਰਜ਼ੀ ਹੈ, ਜੋ ਸਿਰਫ ਭਾਰਤ ਵਿਰੋਧੀ ਪ੍ਰਚਾਰ ਫੈਲਾਉਣ ਦੇ ਉਦੇਸ਼ ਨਾਲ ਪ੍ਰਕਾਸ਼ਤ ਕੀਤੀ ਗਈ ਹੈ।ਸਾਨੂੰ ਅਜਿਹੇ ਏਜੰਡੇ ਵਾਲੇ ਮੀਡੀਆ ਤੋਂ ਜਮਹੂਰੀਅਤ ਦੀ ਵਿਆਕਰਨ ਸਿੱਖਣ ਦੀ ਲੋੜ ਨਹੀਂ ਹੈ," ਉਸਨੇ ਕਿਹਾ, "ਭਾਰਤੀ ਲੋਕ ਅਜਿਹੀ ਮਾਨਸਿਕਤਾ ਨੂੰ ਭਾਰਤ ਦੀ ਧਰਤੀ 'ਤੇ ਅਜਿਹਾ ਏਜੰਡਾ ਚਲਾਉਣ ਦੀ ਇਜਾਜ਼ਤ ਨਹੀਂ ਦੇਣਗੇ।

(ਮੁੱਖ ਪੰਨੇ ਦੀ ਬਾਕੀ) ਨੂੰ ਗੈਰਕਾਨੂੰਨੀ ਕਰਨ ਤੋਂ ਇੱਕ ਹਫਤਾ ਬਾਅਦ ਆਇਆ ਹੈ।


ਭਾਰਤ ਦੀ ਜਾਤੀਵਾਦੀ ਵਿਵਸਥਾ ਦੁਨੀਆਂ ਦੀਆਂ ਹੋਰਨਾਂ ਸਖਤ ਸਮਾਜਿਕ ਵਿਤਕਰੇ ਦੀਆਂ ਵਿਵਸਥਾਵਾਂ ਵਿੱਚੋਂ ਇੱਕ ਹੈ।ਰਾਜਕੁਲਾਸਿੰਘਮ ਨੇ ਕਿਹਾ, "ਇਹ ਮਤਾ ਵੰਡ ਪਾਉਣ ਵਾਲਾ ਨਹੀਂ ਹੈ, ਇਹ ਭਾਈਚਾਰਿਆਂ ਨੂੰ ਚੰਗਾ ਅਤੇ ਸਸ਼ਕਤੀਕਰਨ ਬਣਾਉਣ ਲਈ ਹੈ। ਇਸ ਦਾ ਮਕਸਦ ਵਿਦਿਆਰਥੀਆਂ ਨੂੰ ਸੁਰੱਖਿਅਤ ਸਕੂਲ ਪ੍ਰਦਾਨ ਕਰਨਾ ਹੈ ਜਿਸ ਦੇ ਉਹ ਹੱਕਦਾਰ ਹਨ।

"ਰਾਜਕੁਲਾਸਿੰਘਮ ਨੇ ਕਿਹਾ ਕਿ ਉਹਨਾਂ ਨੇ ਕੈਨੇਡਾ ਦੇ ਸਭ ਤੋਂ ਵੱਧ ਆਬਾਦੀ ਵਾਲੇ ਓਨਟਾਰੀਓ ਸੂਬੇ ਦੇ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਟੋਰਾਂਟੋ ਦੇ ਸਕੂਲ ਬੋਰਡ ਵਿਚਕਾਰ ਭਾਈਵਾਲੀ ਦੀ ਮੰਗ ਕੀਤੀ ਹੈ।ਜਾਤੀਵਾਦੀ ਵਿਵਸਥਾ ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਹੈ ਅਤੇ ਇਹ ਉੱਚਜਾਤੀਆਂ ਨੂੰ ਖਾਸ ਥਾਂ ਦਿੰਦੀ ਹੈ ਅਤੇ ਛੋਟੀਆਂ ਜਾਤਾਂ ਨੂੰ ਦਬਾਉਦੀ ਹੈ।ਹਿੰਦੂ ਜਾਤੀਵਾਦੀ ਵਿਵਸਥਾ ਵਿੱਚ ਦਲਿਤ ਭਾਈਚਾਰਾ ਹੇਠਲੇ ਪੱਧਰ ਉਪਰ ਆਉਂਦਾ ਹੈ।ਦਲਿਤਾਂ ਨੂੰ ਨਾ ਛੋਹੇ ਜਾਣ ਵਾਲੇ ਲੋਕ ਮੰਨਿਆ ਜਾਂਦਾ ਹੈ।

ਭਾਰਤ ਵਿੱਚ ਕਰੀਬ 70 ਸਾਲ ਪਹਿਲਾਂ ਜਾਤੀ ਵਿਵਸਥਾ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ ਸੀ।ਪਰ ਇਹ ਵਿਤਕਰਾ ਹਾਲੇ ਵੀ ਚੱਲ ਰਿਹਾ ਹੈ।ਕਥਿਤ ਛੋਟੀਆਂ ਜਾਤਾਂ ਨਾਲ ਸਬੰਧਤ ਲੋਕ ਉੱਚ ਤਨਖਾਹ ਵਾਲੀਆਂ ਨੌਕਰੀਆਂ ਉਪਰ ਘੱਟ ਹੀ ਹਨ।ਭਾਵੇਂ ਕਿ ਭਾਰਤ ਵਿੱਚ ਛੂਆਛੂਤ ਨੂੰ ਬੈਨ ਕਰ ਦਿੱਤਾ ਗਿਆ ਹੈ ਪਰ ਦਲਿਤ ਭਾਈਚਾਰੇ ਦੇ ਲੋਕ ਹਾਲੇ ਵੀ ਦੇਸ ਵਿੱਚ ਦੁਰਵਿਵਹਾਰ ਦਾ ਸਾਹਮਣੇ ਕਰ ਰਹੇ ਹਨ।ਭਾਰਤ ਅਤੇ ਵਿਦੇਸ਼ ਵਿੱਚ ਜਾਤੀਪ੍ਰਥਾ ਬਾਰੇ ਬਹਿਸ ਵਿਵਾਦਪੂਰਨ ਹੈ ਕਿਉਂਕਿ ਇਹ ਧਰਮ ਨਾਲ ਜੁੜੀ ਹੋਈ ਹੈ। ਕੁਝ ਲੋਕ ਕਹਿੰਦੇ ਹਨ ਕਿ ਅੱਜ ਕੱਲ੍ਹ ਵਿਤਕਰਾ ਬਹੁਤ ਘੱਟ ਹੈ।

ਭਾਰਤ ਵਿੱਚ ਬਹੁਤ ਲੋਕ ਜਾਤੀਪ੍ਰਥਾ ਦਾ ਵਿਰੋਧ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਵਿਤਕਰੇ ਦੀਆਂ ਹੋਰਨਾਂ ਤਰੀਕਿਆਂ ਜਿਵੇਂ ਨਸਲਵਾਦ ਵਾਂਗ ਹੀ ਹੈ।'ਦਿ ਗਲੋਬਲ ਐਂਡ ਮੇਲ' ਨਾਲ ਗੱਲਬਾਤ ਕਰਦਿਆਂ ਕਾਰਲਟਨ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਤੇ ਕੈਨੇਡਾ ਸਥਿਤ ਸਾਊਥ ਏਸ਼ੀਅਨ ਦਲਿਤ ਆਦਿਵਾਸੀ ਨੈੱਟਵਰਕ ਦੇ ਸਹਿ-ਸੰਸਥਾਪਕ ਚਿਨੱਈਆ ਜੰਗਮ ਨੇ ਕਿਹਾ, "ਇਹ ਇੱਕ ਇਤਿਹਾਸਕ ਪਲ ਹੈ। ਇਹ ਦੱਸਦੇ ਹੈ ਕਿ ਜਾਤ-ਪਾਤ ਅਸਲ ਵਿੱਚ ਪਾਇਆ ਜਾ ਰਿਹਾ ਹੈ ਅਤੇ ਇਹ ਟੋਰਾਂਟੋ ਦੇ ਸਕੂਲਾਂ ਵਿੱਚ ਵੀ ਮੌਜੂਦ ਹੈ।"

# ਸਿੱਖ ਸੰਘਰਸ਼ ਦਾ ਯੋਧਾ 'ਕੇ.ਸੀ ਸ਼ਰਮਾ'




ਸ਼ਹੀਦ ਭਾਈ ਸੁਖਵਿੰਦਰ ਸਿੰਘ ਉਰਫ ਕੇਸੀ ਸ਼ਰਮਾ ਆਪਣੀ ਭਰ ਜਵਾਨੀ ਵਿੱਚ ਸਨ ਜਦੋਂ ਭਾਰਤੀ ਫੌਜ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਨ ਲਈ ਦਰਬਾਰ ਸਾਹਿਬ ਕੰਪਲੈਕਸ 'ਤੇ ਹਮਲਾ ਕੀਤਾ ਸੀ। ਪੰਜਾਬ ਅਤੇ ਆਸ-ਪਾਸ ਦੇ ਰਾਜਾਂ ਦੇ ਹੋਰ ਗੁਰਦੁਆਰਿਆਂ 'ਤੇ ਵੀ ਇੱਕੋ ਸਮੇਂ ਹਮਲੇ ਕੀਤੇ ਗਏ। ਭਾਈ ਸੁਖਵਿੰਦਰ ਸਿੰਘ ਸ਼ਿੰਦੂ ਨੇ ਅਕਾਲ ਤਖ਼ਤ ਸਾਹਿਬ ਦੀ ਜੰਗ ਵਿੱਚ ਹਿੱਸਾ ਲਿਆ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਹੋਰ ਯੋਧਿਆਂ ਨਾਲ ਭਾਰਤੀ ਫੌਜ ਨਾਲ ਲੜਿਆ। ਸੰਤ ਜਰਨੈਲ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ, ਭਾਈ ਸੁਖਵਿੰਦਰ ਸਿੰਘ ਆਪਣੀ ਸੂਝ ਬੂਝ ਤੇ ਚੁਸਤੀ ਕਾਰਣ ਹੋਏ ਭਾਰਤੀ ਫੌਜਾਂ ਦੇ ਘੇਰੇ ਤੋਂ ਬਚ ਕੇ ਨਿਕਲ ਗਏ। ਇਸ ਤੋਂ ਬਾਅਦ ਸੰਘਰਸ਼ ਨੂੰ ਜਥੇਬੰਦ ਕਰਨ ਵਿੱਚ ਉਸਨੇ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਘੱਲੂਘਾਰੇ ਦੇ ਮੁੱਖ ਦੋਸ਼ੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵੱਡੀਆਂ ਗੁਰੀਲਾ ਜੰਗੀ ਕਾਰਵਾਈਆਂ ਵਿੱਚ ਹਿੱਸਾ ਲਿਆ।ਉਨ੍ਹਾਂ ਨੇ 27 ਫਰਵਰੀ 1988 ਨੂੰ ਸ਼ਹੀਦੀ ਪ੍ਰਾਪਤ ਕੀਤੀ।

27 ਫਰਵਰੀ 2023 ਨੂੰ ਤਰਨਤਾਰਨ ਨੇੜੇ ਗੁਰਦੁਆਰਾ ਬਾਬਾ ਭੰਡਾਰੀ ਜੀ, ਕੋਟ ਮੁਹੰਮਦ ਖਾਂ ਵਿਖੇ ਭਾਈ ਸੁਖਵਿੰਦਰ ਸਿੰਘ ਸ਼ਿੰਦੂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਇਆ ਗਿਆ।ਇਸ ਮੌਕੇ ਬੋਲਦਿਆਂ ਭਾਈ ਸੁਖਵਿੰਦਰ ਸਿੰਘ ਦੇ ਨਜ਼ਦੀਕੀ ਸਾਥੀ ਭਾਈ ਦਲਜੀਤ ਸਿੰਘ ਨੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।ਭਾਈ ਦਲਜੀਤ ਸਿੰਘ ਨੇ ਸੰਗਤ ਨੂੰ ਦੱਸਿਆ ਕਿ ਦਿੱਲੀ ਵਿਚ ਲੁਕਣ-ਮਿਚਣ ਲਈ ਭਾਈ ਸੁਖਵਿੰਦਰ ਸਿੰਘ ਨੇ "ਕੇ ਸੀ ਸ਼ਰਮਾ" ਨਾਂ ਅਪਣਾਇਆ ਸੀ ਪਰ ਸਿੱਖ ਹਲਕਿਆਂ ਵਿਚ ਇਹ ਨਾਂ ਇੰਨਾ ਪ੍ਰਚਲਿਤ ਹੋ ਗਿਆ ਕਿ ਬਹੁਤੇ ਲੋਕ ਉਨ੍ਹਾਂ ਨੂੰ 'ਕੇ ਸੀ ਸ਼ਰਮਾ' ਦੇ ਨਾਂ ਨਾਲ ਯਾਦ ਕਰਦੇ ਹਨ ਅਤੇ ਕਈਆਂ ਨੂੰ ਉਨ੍ਹਾਂ ਦਾ ਅਸਲੀ ਨਾਂ ਵੀ ਨਹੀਂ ਪਤਾ ਸੀ।ਉਨ੍ਹਾਂ ਕਿਹਾ ਕਿ ਭਾਈ ਸੁਖਵਿੰਦਰ ਸਿੰਘ ਬਹੁਤ ਹੀ ਦਿਆਲੂ ਅਤੇ ਬਹਾਦਰ ਵਿਅਕਤੀ ਸਨ ਜਿਨ੍ਹਾਂ ਨੇ ਸੰਘਰਸ਼ ਅਤੇ ਆਜ਼ਾਦੀ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਸੀ।


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant



* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097

By Appointment Only

#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC


# ਅਮਰੀਕਾ ਦੇ ਨੈਸ਼ਨਲ ਪ੍ਰੈਸ ਕਲੱਬ ਵਿਚ ਗੁਜਰਾਤ ਕਤਲੇਆਮ ਉੱਤੇ ਬੀਬੀਸੀ ਦੀ ਫਿਲਮ ਦਿਖਾਈ ਗਈ



ਵਾਸ਼ਿੰਗਟਨ- ਅਮਰੀਕਾ ਦੇ ਨੈਸ਼ਨਲ ਪ੍ਰੈੱਸ ਕਲੱਬ (ਐੱਨ.ਪੀ.ਸੀ.) ਦੀ ਪ੍ਰਧਾਨ ਈਲੀਨ ਓ'ਰੀਲੀ ਨੇ ਪੱਤਰਕਾਰਾਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਲਈ ਮੋਦੀ ਸਰਕਾਰ ਦੀ ਸਖ਼ਤ ਨਿੰਦਾ ਕੀਤੀ ਹੈ। ਈਲੀਨ ਓ'ਰੀਲੀ ਨੇ ਵਾਸ਼ਿੰਗਟਨ ਡੀਸੀ ਵਿੱਚ ਐਨਪੀਸੀ ਵਿੱਚ ਇੱਕ ਸਮਾਗਮ ਵਿੱਚ ਕਿਹਾ, "ਜਦੋਂ ਤੋਂ ਮੋਦੀ ਸੱਤਾ ਵਿੱਚ ਆਏ ਹਨ, ਅਸੀਂ ਨਿਰਾਸ਼ਾ ਅਤੇ ਨਿਰਾਸ਼ਾ ਦੇ ਨਾਲ ਦੇਖਿਆ ਹੈ ਕਿਉਂਕਿ ਸ਼ਾਸਨ ਨੇ ਇੱਕ ਆਜ਼ਾਦ ਅਤੇ ਸੁਤੰਤਰ ਨਿਊਜ਼ ਮੀਡੀਆ ਦੇ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਦਬਾਇਆ ਹੈ। ਅਸੀਂ ਨੈਸ਼ਨਲ ਪ੍ਰੈੱਸ ਕਲੱਬ ਵਿਖੇ ਸਖ਼ਤ ਸ਼ਬਦਾਂ ਵਿਚ ਮੰਗ ਕਰਦੇ ਹਾਂ ਕਿ ਸਰਕਾਰ ਭਾਰਤ ਵਿਚ ਪੱਤਰਕਾਰਾਂ 'ਤੇ ਹੁੰਦੇ ਜ਼ੁਲਮਾਂ ਅਤੇ ਪ੍ਰੈਸ ਦੀ ਆਜ਼ਾਦੀ ਨੂੰ ਦਬਾਉਣ ਨੂੰ ਰੋਕੇ। ਈਲੀਨ ਓ'ਰੀਲੀ ਨੇ ਅਮਰੀਕਾ ਦੇ ਸਭ ਤੋਂ ਸਤਿਕਾਰਤ ਪੱਤਰਕਾਰੀ ਸੰਸਥਾਵਾਂ ਵਿੱਚੋਂ ਇੱਕ ਦੇ ਨੇਤਾ ਵਜੋਂ ਗੱਲ ਕੀਤੀ। ਉਸ ਨਾਲ ਨੈਸ਼ਨਲ ਪ੍ਰੈੱਸ ਕਲੱਬ ਬੋਰਡ ਦੇ ਗਵਰਨਰ ਸਟੀਵ ਰੀਲੀ ਵੀ ਸ਼ਾਮਲ ਹੋਏ, ਜਿਨ੍ਹਾਂ ਨੇ ਬੀਬੀਸੀ ਦੀ ਦਸਤਾਵੇਜ਼ੀ ਫਿਲਮ "ਇੰਡੀਆ: ਦ ਮੋਦੀ ਸਵਾਲ" 'ਤੇ ਪਾਬੰਦੀ ਸਮੇਤ ਭਾਰਤੀ ਸੁਤੰਤਰ ਪ੍ਰੈਸ 'ਤੇ ਚੱਲ ਰਹੇ ਹਮਲਿਆਂ ਦੀ ਵੀ ਨਿੰਦਾ ਕੀਤੀ। ਈਲੀਨ ਓ'ਰੀਲੀ ਨੇ ਕਿਹਾ, "ਨੈਸ਼ਨਲ ਪ੍ਰੈਸ ਕਲੱਬ ਨੇ ਭਾਰਤ ਸਰਕਾਰ ਨੂੰ ਬੀਬੀਸੀ ਦਸਤਾਵੇਜ਼ੀ 'ਤੇ ਪਾਬੰਦੀ ਨੂੰ ਰੱਦ ਕਰਨ ਅਤੇ ਭਾਰਤ ਦੇ ਨਾਗਰਿਕਾਂ ਨੂੰ ਆਪਣੇ ਲਈ ਫੈਸਲਾ ਕਰਨ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ ਹੈ ਕਿ ਉਹ ਇਸ ਦੇ ਨਤੀਜਿਆਂ ਨਾਲ ਸਹਿਮਤ ਹਨ ਜਾਂ ਅਸਹਿਮਤ ਹਨ।" ਉਸਨੇ ਫਿਰ ਫਿਲਮ ਪੇਸ਼ ਕੀਤੀ, ਜਿਸ ਵਿੱਚ 2002 ਵਿੱਚ ਗੁਜਰਾਤ ਵਿੱਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਲਈ ਭਾਰਤੀ ਪ੍ਰਧਾਨ ਮੰਤਰੀ (ਉਸ ਸਮੇਂ ਦੇ ਮੁੱਖ ਮੰਤਰੀ) ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਗਿਆ ਸੀ।

# ਸਿੱਖ ਪਰਿਵਾਰ ਦੀ ਕੇਸਾਂ ਤੋਂ ਫੜ ਕੀਤੀ ਕੁੱਟਮਾਰ, ਪਰਿਵਾਰਿਕ ਮੈਂਬਰ ਸਖ਼ਤ ਫੱਟੜ





ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):ਦਿੱਲੀ ਦੇ ਪਹਾੜਗੰਜ ਇਲਾਕੇ 'ਚ ਆਪਣੇ ਘਰ ਦੇ ਬਾਹਰ ਗਲੀ ਵਿਚ ਖੜ੍ਹ ਕੇ ਕੇਸ਼ ਨੂੰ ਧੁੱਪ ਲਵਾ ਰਹੇ ਸਿੱਖ ਪਰਿਵਾਰ ਉਤੇ ਕੁਝ ਲੋਕਾਂ ਵੱਲੋਂ ਕੇਸਾ ਉਤੇ ਟਿੱਪਣੀ ਕਰਨ ਉਪਰੰਤ ਅੱਜ ਦੁਪਹਿਰ ਵੇਲੇ ਹਮਲਾ ਹੋਣ ਦੀ ਦੁਖਦਾਈ ਖ਼ਬਰ ਆਈ ਹੈ। ਪਰਿਵਾਰਿਕ ਮੈਂਬਰ ਨਾਲ ਹੋਈ ਗੱਲਬਾਤ ਮੁਤਾਬਿਕ ਪਰਿਵਾਰ ਦੇ ਮੁਖੀ ਦੀ ਪਤਨੀ ਨੂੰ ਨੱਕ ਅਤੇ ਪਸਲੀਆਂ ਉਤੇ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਦਾ ਬੱਚਿਆਂ ਸਮੇਤ ਇਲਾਜ ਲੇਡੀ ਹਾਰਡਿੰਗ ਹਸਪਤਾਲ ਵਿਚ ਚਲ ਰਿਹਾ ਹੈ।"ਉਨ੍ਹਾਂ ਦਸਿਆ ਕਿ ਉੱਥੇ ਰਹਿੰਦੇ ਬੱਚਿਆਂ ਦੀ ਕੁਝ ਆਪਸੀ ਗੱਲਬਾਤ ਹੋਣ ਉਪਰੰਤ ਜਦੋ ਬੀਬੀ ਨਵਨੀਤ ਕੋਰ ਆ ਰਹੇ ਸਨ ਤਦ ਉਨ੍ਹਾਂ ਨੂੰ ਘੇਰ ਕੇ ਹਮਲਾ ਕਰ ਦਿੱਤਾ ਗਿਆ ਜਿਸ ਨੂੰ ਘਰ ਦੇ ਬਾਹਰ ਖੜੇ ਪਰਿਵਾਰਿਕ ਮੈਂਬਰਾਂ ਨੇ ਦੇਖਿਆ ਤੇ ਉਨ੍ਹਾਂ ਨੂੰ ਬਚਾਣ ਲਈ ਗਏ ਜਿਥੇ ਉਨ੍ਹਾਂ ਲੋਕਾਂ ਨੇ ਇਨ੍ਹਾਂ ਦੀ ਕੇਸਾਂ ਤੋਂ ਫੜ ਕੇ ਖਿੱਚ ਧੂਹ ਕੀਤੀ ਤੇ ਨਾਲ ਹੀ ਮਾਰਕੁਟਾਈ ਸ਼ੁਰੂ ਕਰ ਦਿੱਤੀ। ਉਨ੍ਹਾਂ ਦਸਿਆ ਕਿ ਓਹ ਬਾਰ ਬਾਰ ਧਮਕੀਆਂ ਦੇ ਰਹੇ ਸਨ ਜਿਸ ਕਰਕੇ ਪਰਿਵਾਰ ਅੰਦਰ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਦਿੱਲੀ ਦੇ ਸਿੱਖ ਨੇਤਾਵਾਂ ਨੇ ਮਾਮਲੇ ਦੀ ਸਖ਼ਤ ਨਿੰਦਿਆਂ ਕਰਦਿਆਂ ਪ੍ਰਸ਼ਾਸ਼ਨ ਨੂੰ ਤੁਰੰਤ ਕਾਰਵਾਈ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਹੈ।

# ਸਿੱਖਾਂ ਨੂੰ ਨਿਹੱਥਾ ਕਰਨਾ ਚਾਹੁੰਦੀ ਹੈ ਸਰਕਾਰ:ਅੰਮ੍ਰਿਤਪਾਲ ਸਿੰਘ

ਅੰਮ੍ਰਿਤਸਰ:'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਨੇ ਉਹਨਾਂ ਦੀ ਸਾਥੀਆਂ ਦੇ ਕਥਿਤ ਤੌਰ ਰੱਦ ਕੀਤੇ ਜਾ ਰਹੇ ਹਥਿਆਰਾਂ ਦੇ ਲਾਈਸੈਂਸ ਬਾਰੇ ਕਿਹਾ ਹੈ ਕਿ 'ਜੇਕਰ ਸਰਕਾਰ ਸਿੱਖਾਂ ਨੂੰ ਨਿਹੱਥਾ ਕਰਨਾ ਚਾਹੁੰਦੀ ਹੈ ਤਾਂ ਉਹ ਮੌਕੇ ਉਪਰ ਫੈਸਲਾ ਲੈਣਗੇ ਕੀ ਉਹਨਾਂ ਕੀ ਕਰਨਾ ਹੈ'। ਸੋਮਵਾਰ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਅਮ੍ਰਿਤਪਾਲ ਸਿੰਘ ਨੇ ਕਿਹਾ, "ਸਰਕਾਰੀ ਸੁਰੱਖਿਆ ਤਾਂ ਅਸੀਂ ਕਦੇ ਵੀ ਨਹੀਂ ਲੈਂਦੇ। ਅਸੀਂ ਮੌਕੇ ਉਪਰ ਫੈਸਲਾ ਕਰਾਂਗੇ ਕਿ ਕੀ ਕਰਨਾ ਹੈ। ਕਹਿੰਦੇ ਹਨ ਕਿ ਭੱਜਦਿਆਂ ਨੂੰ ਵਾਹਨ ਇੱਕੋ ਜਿਹੇ ਹੁੰਦੇ ਹਨ। ਜੇਕਰ ਇਹਨਾਂ ਨੇ ਇਹ ਫੈਸਲਾ ਕਰ ਲਿਆ ਕਿ ਸਿੱਖਾਂ ਨੂੰ ਨਿਹੱਥੇ ਕਰਨਾ ਹੈ ਤਾਂ ਸਾਨੂੰ ਕੋਈ ਨਿਹੱਥੇ ਨਹੀਂ ਕਰ ਸਕਦਾ।"

SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਜਨੇਵਾ ਵਿਚ ਭਾਰਤ ਵਿਰੋਧੀ ਪ੍ਰਦਰਸ਼ਨ ਕੀਤਾ ਗਿਆ

ਜਿਨੇਵਾ- ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਦੇ ਚੱਲ ਰਹੇ 52ਵੇਂ ਸੈਸ਼ਨ ਦੌਰਾਨ ਜੇਨੇਵਾ ਵਿੱਚ ਕਸ਼ਮੀਰੀਆਂ ਅਤੇ ਉਨ੍ਹਾਂ ਦੇ ਹਮਦਰਦਾਂ ਨੇ ਭਾਰਤ ਵਿਰੋਧੀ ਪ੍ਰਦਰਸ਼ਨ ਕੀਤਾ।ਪੂਰੇ ਯੂਰਪ ਤੋਂ ਕਸ਼ਮੀਰੀ ਅਤੇ ਉਨ੍ਹਾਂ ਦੇ ਹਮਦਰਦ ਜਨੇਵਾ ਵਿੱਚ ਸੰਯੁਕਤ ਰਾਸ਼ਟਰ ਦੇ ਦਫ਼ਤਰ ਦੇ ਸਾਹਮਣੇ ਇਕੱਠੇ ਹੋਏ, ਤਾਂ ਜੋ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਫਾਸੀਵਾਦੀ ਭਾਰਤ ਸਰਕਾਰ ਵੱਲੋਂ ਭਾਰਤ ਦੇ ਗੈਰ-ਕਾਨੂੰਨੀ ਕਬਜ਼ੇ ਵਾਲੇ ਜੰਮੂ-ਕਸ਼ਮੀਰ ਦੀ ਜਨਸੰਖਿਆ ਦੀ ਬਣਤਰ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਵੱਲ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਖਿੱਚਿਆ ਜਾ ਸਕੇ। ਪ੍ਰਦਰਸ਼ਨ ਦਾ ਉਦੇਸ਼ ਭਾਰਤੀ ਸੈਨਿਕਾਂ ਦੁਆਰਾ ਕਬਜ਼ੇ ਵਾਲੇ ਖੇਤਰ ਵਿੱਚ ਕੀਤੇ ਜਾ ਰਹੇ ਗੈਰ-ਨਿਆਇਕ ਫਾਂਸੀ, ਹਿਰਾਸਤੀ ਹੱਤਿਆਵਾਂ, ਜ਼ਬਰਦਸਤੀ ਲਾਪਤਾ ਅਤੇ ਹੋਰ ਗੰਭੀਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਉਜਾਗਰ ਕਰਨਾ ਸੀ।ਪ੍ਰਦਰਸ਼ਨਕਾਰੀਆਂ ਨੇ ਭਾਰਤ ਦੇ ਖਿਲਾਫ ਅਤੇ ਭਾਰਤੀ ਗੈਰ-ਕਾਨੂੰਨੀ ਕਬਜੇ ਤੋਂ ਕਸ਼ਮੀਰ ਦੀ ਆਜ਼ਾਦੀ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਉਨ੍ਹਾਂ ਨੇ ਤਖ਼ਤੀਆਂ ਅਤੇ ਬੈਨਰ ਫੜੇ ਹੋਏ ਸਨ, ਜਿਨ੍ਹਾਂ 'ਤੇ 'ਭਾਰਤ-ਕਸ਼ਮੀਰ 'ਚ ਰਾਜਕੀ ਅੱਤਵਾਦ ਰੋਕੋ' ਅਤੇ 'ਭਾਰਤ-ਕਸ਼ਮੀਰ 'ਚ ਜਨਸੰਖਿਆ ਤਬਦੀਲੀ ਬੰਦ ਕਰੋ' ਵਰਗੇ ਨਾਅਰੇ ਲਿਖੇ ਹੋਏ ਸਨ।












# ਇੰਟਰਨ ਡਾਕਟਰ ਵੱਲੋਂ ਕਥਿਤ ਤੌਰ 'ਤੇ ਜਾਤ ਅਧਾਰਿਤ ਵਿਤਕਰੇ ਤੋਂ ਤੰਗ ਆ ਕੇ ਖ਼ੁਦਕੁਸ਼ੀ

ਅੰਮ੍ਰਿਤਸਰ-ਸ਼੍ਰੀ ਗੁਰੂ ਰਾਮ ਦਾਸ ਮੈਡੀਕਲ ਕਾਲਜ ਦੀ ਇੱਕ ਇੰਟਰਨ ਡਾਕਟਰ ਵੱਲੋਂ ਕਥਿਤ ਤੌਰ 'ਤੇ ਜਾਤ ਅਧਾਰਿਤ ਵਿਤਕਰੇ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰਨ ਦੀ ਖ਼ਬਰ ਹੈ।ਐੱਫ਼ਆਈਆਰ ਮੁਤਾਬਕ ਮ੍ਰਿਤਕ ਡਾਕਟਰ ਪੰਪੋਸ਼ ਨੇ ਸਾਲ 2017 ਵਿੱਚ ਐੱਮਬੀਬੀਐੱਸ ਵਿੱਚ ਦਾਖਲਾ ਲਿਆ ਸੀ ਅਤੇ ਉਹ ਕਥਿਤ ਜਾਤੀ ਵਿਤਕਰੇ ਕਾਰਨ ਪਰੇਸ਼ਾਨ ਰਹਿੰਦੀ ਸੀ।ਮ੍ਰਿਤਕ ਪੰਪੋਸ਼ ਜਲੰਧਰ ਦੇ ਰਾਮਾ ਮੰਡੀ ਦੀ ਵਸਨੀਕ ਸਨ।ਪੁਲਿਸ ਨੇ ਇਸ ਮਾਮਲੇ ਵਿੱਚ 10 ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ ਜਿੰਨ੍ਹਾਂ ਵਿੱਚ ਕਾਲਜ ਦੇ ਪ੍ਰੋਫੈਸਰ ਅਤੇ ਵਿਦਿਆਰਥੀਆਂ ਦੇ ਨਾਮ ਸ਼ਾਮਿਲ ਹਨ।ਪੁਲਿਸ ਵੱਲੋਂ ਐੱਫ਼ਆਈਆਰ ਮ੍ਰਿਤਕ ਡਾਕਟਰ ਪੰਪੋਸ਼ (26) ਦੀ ਮਾਂ ਕਮਲੇਸ਼ ਰਾਣੀ ਦੇ ਬਿਆਨ ਦੇ ਅਧਾਰ ਉਪਰ ਦਰਜ ਕੀਤਾ ਗਈ ਹੈ।ਪੁਲਿਸ ਨੇ 10 ਲੋਕਾਂ ਖਿਲਾਫ਼ 306 (ਮਰਨ ਲਈ ਮਜਬੂਰ ਕਰਨ ) ਅਤੇ ਐੱਸਸੀ/ ਐੱਸਟੀ ਐਕਟ 1989 ਤਹਿਤ ਕੇਸ ਦਰਜ ਕੀਤਾ ਹੈ।ਕਮਲੇਸ਼ ਰਾਣੀ ਨੇ ਪੁਲਿਸ ਨੂੰ ਆਪਣੇ ਬਿਆਨ ਵਿੱਚ ਕਿਹਾ ਕਿ ਮੁਲਜ਼ਮ ਉਸ ਦੀ ਧੀ ਬਾਰੇ ਜਾਤੀ ਸੂਚਕ ਸ਼ਬਦ ਵਰਤਦੇ ਸਨ ਅਤੇ ਕਹਿੰਦੇ ਸਨ ਕਿ 'ਅਸੀਂ ਤੈਨੂੰ ਡਾਕਟਰ ਨਹੀਂ ਬਣਨ ਦੇਣਾ'।

ਐੱਫ਼ਆਈਆਰ ਮੁਤਾਬਕ ਕਮਲੇਸ਼ ਰਾਣੀ ਨੇ ਕਿਹਾ, "ਇਸ ਸਬੰਧੀ ਮੈਂ ਅਤੇ ਮੇਰੇ ਪਿਤਾ ਨੇ ਕਈ ਵਾਰ ਕਾਲਜ ਦੇ ਪ੍ਰਿੰਸੀਪਲ ਅਤੇ ਡੀਨ ਸਾਹਿਬ ਨੂੰ ਸ਼ਿਕਾਇਤਾਂ ਕੀਤੀਆਂ ਸਨ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ।"ਐੱਫਆਈਆਰ ਵਿੱਚ ਦਰਜ ਬਿਆਨ ਮੁਤਾਬਕ ਕਮਲੇਸ਼ ਰਾਣੀ ਨੇ ਦੱਸਿਆ, "ਮੇਰੀ ਬੇਟੀ ਬਹੁਤ ਪ੍ਰੇਸ਼ਾਨ ਰਹਿੰਦੀ ਸੀ। ਮੇਰੀ ਬੇਟੀ ਸਮੇਂ-ਸਮੇਂ ਆਪਣੀਆਂ ਪ੍ਰੇਸ਼ਾਨੀਆਂ ਬਾਰੇ ਮੈਨੂੰ ਅਤੇ ਮੇਰੇ ਪਿਤਾ ਨੂੰ ਫੋਨ ਰਾਹੀਂ ਜਾਂ ਘਰ ਵਿੱਚ ਮਿਲ ਕੇ ਦੱਸਦੀ ਰਹਿੰਦੀ ਸੀ। ਮੇਰੀ ਬੇਟੀ ਪਿਛਲੇ ਦੋ ਦਿਨਾਂ ਤੋਂ ਫੋਨ ਨਹੀਂ ਚੁੱਕ ਰਹੀ ਸੀ। ਜਿਸ ਕਾਰਨ ਮੈਂ ਬਹੁਤ ਪ੍ਰੇਸ਼ਾਨ ਸੀ।"ਐੱਫ਼ਆਈਆਰ ਅਨੁਸਾਰ, "ਮੈਂ ਆਪਣੀ ਬੇਟੀ ਦੇ ਹੋਸਟਲ ਦੇ ਕਮਰੇ ਵਿੱਚ ਪਹੁੰਚੀ ਅਤੇ ਦਰਵਾਜਾ ਖੜਕਾਇਆ। ਦਰਵਾਜਾ ਨਾ ਖੁੱਲਣ 'ਤੇ ਜਦੋਂ ਮੈਂ ਧੱਕੇ ਨਾਲ ਬੂਹਾ ਖੋਲਿਆ ਤਾਂ ਵੇਖਿਆ ਕਿ ਮੇਰੀ ਬੇਟੀ ਪੱਖੇ ਨਾਲ ਲਟਕੀ ਹੋਈ ਸੀ। ਮੈਂ ਇਹ ਦੇਖਦਿਆਂ ਹੀ ਰੋਂਦੇ ਹੋਏ ਰੋਲਾ ਪਾਇਆ ਤਾਂ ਹੋਸਟਲ ਦੇ ਸੁਪਰੀਟੈਂਡੇਟ ਚੌਧਰੀ ਅਤੇ ਉਸ ਦੇ ਸਾਥੀਆਂ ਨੇ ਮੇਰੀ ਬੇਟੀ ਦਾ ਲਾਸ਼ ਪੱਖੇ ਤੋਂ ਉਤਾਰੀ ਅਤੇ ਪੁਲਿਸ ਨੂੰ ਵੀ ਕੋਈ ਇਤਲਾਹ ਨਹੀਂ ਦਿੱਤੀ।""ਮੈਨੂੰ ਲੱਗਦਾ ਹੈ ਕਿ, ਕਿ ਮੇਰੀ ਬੇਟੀ ਪੰਪੋਸ਼ ਨੂੰ ਮਰਨ ਵਾਸਤੇ ਮਜਬੂਰ ਕੀਤਾ ਹੈ।"ਏਡੀਸੀਪੀ ਅੰਮ੍ਰਿਤਸਰ ਅਭਿਨਿਊ ਰਾਣਾ ਨੇ ਕਿਹਾ, "ਅਸੀਂ ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਹੈ। ਇਸ ਮਾਮਲੇ ਵਿੱਚ ਜਾਂਚ ਕੀਤੀ ਜਾ ਰਹੀ ਹੈ। ਇਹ ਨਾਜ਼ੁਕ ਮਾਮਲਾ ਹੈ।"ਗੁਰੂ ਰਾਸ ਦਾਸ ਮੈਡੀਕਲ ਕਾਲਜ ਡਾਕਟਰ ਮਨਜੀਤ ਸਿੰਘ ਉਪਲ ਨੇ ਕਿਹਾ ਕਿ, "ਹਾਲੇ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਕੁਝ ਵੀ ਬੋਲਣ ਲਈ ਮਨਾ ਕੀਤਾ ਗਿਆ ਹੈ ਪਰ ਜਾਂਚ ਤੋਂ ਬਾਅਦ ਸਭ ਸੱਚ ਸਾਹਮਣੇ ਆ ਜਾਵੇਗਾ।"




ਬੀਸੀ ਬਜਟ
2024
ਕੰਸਲਟੇਸ਼ਨ

ਅਗਲੇ ਸੂਬਾਈ ਬਜਟ ਲਈ ਤੁਹਾਡੀਆਂ ਪ੍ਰਾਥਮਿਕਤਾਵਾਂ ਕੀ ਹਨ?

ਜਨਤਕ ਮੀਟਿੰਗ ਵਿੱਚ ਬੋਲਣ ਲਈ 30 ਮਾਰਚ, 2023 ਤੱਕ ਰਜਿਸਟਰ ਕਰੋ

ਪੂਰੇ ਵੇਰਵਿਆਂ ਲਈ,
bcleg.ca/FGSbudget 'ਤੇ ਜਾਓ
ਜਾਂ 250-356-2933 'ਤੇ ਜਾਂ
1-877-428-8337 'ਤੇ ਟੋਲ ਫਰੀ ਕਾਲ ਕਰੋ।

LEGISLATIVE ASSEMBLY
of BRITISH COLUMBIA
ਵਿੱਤ ਅਤੇ ਸਰਕਾਰੀ ਸੇਵਾਵਾਂ 'ਤੇ ਸਲੈਕਟ ਸਟੈਂਡਿੰਗ ਕਮੇਟੀ

bcleg.ca/FGSbudget

AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323







So Easy
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਆਟੋਮੈਟਿਕ ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ









ਅਸੀਂ ਸਿਟੀਜਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ
LUCKY'S A to Z DRIVING SCHOOL
Lucky 604-614-5365
Unit 15 - 8388 128 St., Surrey

# ਦੇਸ਼ ਵਾਸੀਆਂ ਲਈ ਹੋਰ ਭਿਆਨਕ ਸਿੱਟੇ ਕੱਢਣਗੀਆਂ ਸਰਕਾਰੀ ਨੀਤੀਆਂ

ਦੇਸ਼ ’ਚ ਆਰਥਿਕ ਨਾ-ਬਰਾਬਰੀ ਸਿਖਰ ’ਤੇ ਪਹੁੰਚ ਰਹੀ ਹੈ। ਦੇਸ਼ ਦੇ ਸਮੁੱਚੇ ਸਾਧਨ ਅਤੇ ਆਮਦਨ ਇੱਕ ਪਾਸੇ ਅੱਤ ਦੇ ਅਮੀਰ ਤਬਕੇ ਦੀ ਮਾਲਕੀ ਬਣ ਰਹੇ ਹਨ ਅਤੇ ਦੂਸਰੇ ਪਾਸੇ ਸਾਧਾਰਨ ਜਨਤਾ ਆਪਣੀਆਂ ਬੁਨਿਆਦੀ ਲੋੜਾਂ, ਇੱਥੋਂ ਤੱਕ ਕਿ ਲੂਣ-ਮਿਰਚ ਜਿਹੀਆਂ ਸਾਧਾਰਨ ਲੋੜਾਂ ਨੂੰ ਪੂਰਾ ਕਰਨ ਲਈ ਤਰਸ ਰਹੀ ਹੈ। ਦੇਸ਼ ’ਚ ਆਮਦਨ ਦਾ ਜੋ ਵਾਧਾ ਹੋਇਆ ਹੈ, ਉਹ ਵੀ ਦੇਸ਼ ਦੀ ਉਪਰਲੀ 20 ਪ੍ਰਤੀਸ਼ਤ ਆਬਾਦੀ ਦੇ ਹੀ ਹਿੱਸੇ ਆਇਆ ਹੈ, ਜਦੋਂਕਿ ਹੇਠਾਂ ਦੀ 80 ਪ੍ਰਤੀਸ਼ਤ ਆਬਾਦੀ ਦੀ ਆਮਦਨ ਘਟਦੀ ਗਈ ਹੈ। ਇਹੋ ਕਾਰਨ ਹੈ ਕਿ ਦੇਸ਼ ਦੀ ਮੰਡੀ ’ਚ ਮਹਿੰਗੀਆਂ ਕਾਰਾਂ, ਮਹਿੰਗੇ ਸਮਾਰਟ ਫੋਨਾਂ ਅਤੇ ਐਸ਼-ਓ-ਆਰਾਮ ਦੀਆਂ ਵਸਤਾਂ ਦੀ ਵਿਕਰੀ ਲੱਗਭੱਗ ਦੁੱਗਣੀ ਹੋ ਚੁੱਕੀ ਹੈ, ਹਾਲਾਂਕਿ ਜੇਕਰ ਇਨ੍ਹਾਂ ਦੀ ਕੁੱਲ ਗਿਣਤੀ ਵੱਲ ਵੇਖੀਏ ਤਾਂ ਦੁੱਗਣੇਪਨ ਦਾ ਪ੍ਰਭਾਵ ਜਾਂਦਾ ਰਹਿੰਦਾ ਹੈ ਅਤੇ ਦੂਸਰੇ ਪਾਸੇ ਦੇਸ਼ ਦੀ ਵੱਡੀ ਗ੍ਰਾਮੀਣ ਆਬਾਦੀ ’ਚ ਤੇਲ, ਸਾਬਣ, ਟੂੱਥ-ਪੇਸਟ ਅਤੇ ਦੋ ਪਹੀਆ ਵਾਹਨਾਂ ਦੀ ਵਿੱਕਰੀ ਬਹੁਤ ਘਟ ਗਈ ਹੈ। ਹੇਠਲੇ ਤਬਕੇ ਸ਼ਹਿਰੀ ਲੋਕਾਂ ਲਈ ਵੀ ਆਰਥਿਕ ਹਾਲਤ ਅਜਿਹੀ ਹੀ ਮਾੜੀ ਬਣੀ ਹੋਈ ਹੈ।ਅਸਲ ਮੁੱਦਾ ਪ੍ਰਾਪਤ ਹੋਈ ਆਮਦਨ ਦੀ ਵੰਡ ਦਾ ਹੈ। ਆਮਦਨ ਦਾ ਅਸਲ ਵਾਧਾ ਆਬਾਦੀ ਦੇ ਅਮੀਰਤਮ 10 ਪ੍ਰਤੀਸ਼ਤ ਤਬਕੇ ਦੇ ਹੀ ਹਿੱਸੇ ਆਇਆ ਹੈ ਜਦੋਂ ਕਿ ਉਜ਼ਰਤਾਂ ਹੇਠਾਂ ਡਿੱਗੀਆਂ ਹਨ।ਇਸ ਵਧ ਰਹੀ ਨਾ-ਬਰਾਬਰੀ ਨੂੰ ਸਰਕਾਰ ਦੀ ਨਾਕਾਮੀ ਕਿਹਾ ਜਾ ਸਕਦਾ ਹੈ। ਵੱਡਾ ਸਵਾਲ ਰੁਜ਼ਗਾਰ ਦਾ ਹੈ ਜੋ ਆਮ ਲੋਕਾਂ ਨੂੰ ਪ੍ਰਦਾਨ ਕਰਨ ’ਚ ਵੀ ਸਰਕਾਰ ਅਸਫ਼ਲ ਰਹੀ ਹੈ। ਭਾਰਤ ਦੀ ਨੌਜਵਾਨ ਆਬਾਦੀ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਹੁਤ ਵਾਰ ਤਾਰੀਫ਼ ਕਰ ਚੁੱਕੇ ਹਨ ਕਿ ਕਿਰਤ ਸ਼ਕਤੀ ਅਤੇ ਹੁਨਰ ਦੀ ਨੌਜਵਾਨਾਂ ਦੇ ਰੂਪ ’ਚ ਪਾਈ ਜਾ ਰਹੀ ਬਹੁਤਾਤ ਦੇਸ਼ ਲਈ ਤਰੱਕੀ ਦੇ ਨਵੇਂ ਮੁਕਾਮ ਸਥਾਪਿਤ ਕਰੇਗੀ। ਪਰ ਭਾਰਤੀ ਨੌਜਵਾਨ ਦੇਸ਼ ਦੀ ਤਰੱਕੀ ’ਚ ਤਦ ਹੀ ਯੋਗਦਾਨ ਪਾ ਸਕਣਗੇ ਜੇਕਰ ਉਨ੍ਹਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਪਰ ਰੁਜ਼ਗਾਰ ਦੇ ਮੁਹਾਜ਼ ’ਤੇ ਜੋ ਵਾਪਰ ਰਿਹਾ ਹੈ, ਉਹ ਨੌਜਵਾਨਾਂ ਨੂੰ ਪਰੇਸ਼ਾਨ ਕਰਨ ਵਾਲਾ ਹੈ। ਸੈਂਟਰ ਫਾਰ ਮਾਨਿਟਰਿੰਗ ਇੰਡੀਅਨ ਇਕਾਨਮੀ (ਸੀਐਮਆਈਈ) ਦੁਆਰਾ ਦਿੱਤੇ ਗਏ ਵਿਸ਼ਲੇਸ਼ਣ ਤੋਂ ਪਤਾ ਚਲਦਾ ਹੈ ਕਿ ਬੇਰੁਜ਼ਗਾਰੀ ਮਹੀਨਾ-ਦਰ-ਮਹੀਨਾ ਵਧਦੀ ਹੀ ਜਾ ਰਹੀ ਹੈ। ਇਸੇ ਸਾਲ ਦੇ ਜਨਵਰੀ ਮਹੀਨੇ ’ਚ ਬੇਰੁਜ਼ਗਾਰੀ ਦੀ ਦਰ 7.14 ਪ੍ਰਤੀਸ਼ਤ ਤੋਂ ਵਧ ਕੇ ਫਰਵਰੀ ਮਹੀਨੇ ’ਚ 7.45 ਪ੍ਰਤੀਸ਼ਤ ਹੋ ਗਈ ਹੈ। ਇਸ ਨਾਲ ਬੇਰੁਜ਼ਗਾਰਾਂ ਦੀ ਗਿਣਤੀ ਮਹੀਨੇ ਵਿੱਚ ਹੀ 31.5 ਮਿਲੀਅਨ ਤੋਂ ਵਧ ਕੇ 33 ਮਿਲੀਅਨ ਹੋ ਗਈ।



ਇਹ ਅੰਕੜੇ ਸਪਸ਼ੱਟ ਕਰਦੇ ਹਨ ਕਿ ਨੌਜਵਾਨਾਂ ਲਈ ਨੌਕਰੀਆਂ ਉਪਲਬਧ ਨਹੀਂ ਹਨ। ਵਧ ਰਹੀ ਨਾ-ਬਰਾਬਰੀ ਅਤੇ ਆਮ ਨੌਜਵਾਨਾਂ ਲਈ ਨੌਕਰੀਆਂ ਦੀ ਘਾਟ ਨੇ ਅਜਿਹੀ ਸਥਿਤੀ ਪੈਦਾ ਕੀਤੀ ਹੈ, ਜੋ ਅਗਾਂਹ ਲਈ ਹੋਰ ਭਿਆਨਕ ਸਿੱਟੇ ਕੱਢੇਗੀ। ਇਹ ਸਭ ਦੇਸ਼ ਵਾਸੀਆਂ ਲਈ ਮੋਦੀ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਅਮੀਰਤਮ ਤਬਕੇ ਅਤੇ ਕਾਰਪੋਰੇਟ ਪੱਖੀ ਨੀਤੀਆਂ ਦਾ ਨਤੀਜਾ ਹੈ।

## ਗਿ. ਹਰਪ੍ਰੀਤ ਸਿੰਘ ਜੀ !ਭਾਰਤ ਨੂੰ ਬਦ-ਦੁਆਵਾਂ ਦੇਣ ਨਾਲੋਂ ਖ਼ਾਲਿਸਤਾਨ ਦੀ ਅਜ਼ਾਦੀ ਲਈ ਕੌਮ ਨੂੰ ਲਾਮਬੰਦ ਕਰੋ:ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ

### ਜਥੇਦਾਰ ਜੀ !ਬਾਦਲਾਂ ਵਿਰੁੱਧ ਬੋਲਣ ਲੱਗਿਆ ਘੁੰਢ ਨਾ ਕੱਢਿਆ ਕਰੋ:ਭਾਈ ਰਣਜੀਤ ਸਿੰਘ



ਅੰਮ੍ਰਿਤਸਰ: ਬਾਦਲ ਦਲ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਿਛਲੇ ਦਿਨੀਂ ਹੋਲੇ ਮਹੱਲੇ ‘ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੋਲਦਿਆਂ ਕਿਹਾ ਕਿ ਭਾਰਤ ਸਰਕਾਰ ਨੇ ਹਰਿਆਣੇ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਕੇ ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਟੁਕੜੇ ਕੀਤੇ ਹਨ ਤੇ ਖ਼ਾਲਸਾ ਪੰਥ ਦੀ ਬਦ-ਦੁਆ ਹੈ ਕਿ ਅਕਾਲ ਪੁਰਖ ਭਾਰਤੀ ਪਾਰਲੀਮੈਂਟ ਦੇ ਕਈ ਟੁਕੜੇ ਕਰਨਗੇ। ਇਸ ਸਬੰਧੀ ਗੱਲਬਾਤ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਜੀ ਖ਼ਾਲਸੇ ਦਾ ਇਤਿਹਾਸ ਬਦ-ਦੁਆਵਾਂ ਦੇਣਾ ਨਹੀਂ, ਸਗੋਂ ਜਬਰ-ਜ਼ੁਲਮ ਅਤੇ ਧੱਕੇਸ਼ਾਹੀ ਤੇ ਬੇਇਨਸਾਫ਼ੀ ਵਿਰੁੱਧ ਜੂਝ ਕੇ ਸੰਘਰਸ਼ ਕਰਨਾ ਹੈ ਤੇ ਲੜ-ਮਰਨਾ ਹੈ। ਉਹਨਾਂ ਕਿਹਾ ਕਿ ਬਦ-ਦੁਆ ਨਾਲ ਕੁਝ ਨਹੀਂ ਹੁੰਦਾ, ਬਦ-ਦੁਆਵਾਂ ਲਾਚਾਰ ਅਤੇ ਬੇਵੱਸ ਲੋਕ ਦੇਂਦੇ ਹਨ, ਜੁਝਾਰੂ ਕੌਮਾਂ ਨਹੀਂ ਦੇਂਦੀਆਂ। ਟੁਕੜੇ ਕਰਨ ਲਈ ਤਾਂ ਜਿਗਰਾ ਰੱਖ ਕੇ ਲੜਨਾ ਪਵੇਗਾ, ਸਿਰ ਦੇਣੇ ਵੀ ਪੈਣਗੇ ਅਤੇ ਲੈਣੇ ਵੀ। ਏਥੇ ਹੀ ਬੱਸ ਨਹੀਂ, ਖ਼ਾਲਸੇ ਨੂੰ ਆਜ਼ਾਦੀ ਲਈ ਲੜ ਰਹੀਆਂ ਹੋਰਨਾਂ ਕੌਮਾਂ ਜਿਵੇਂ ਨਾਗਾ, ਕਸ਼ਮੀਰੀ, ਤਾਮਿਲ ਆਦਿ ਨਾਲ ਹਮ-ਕਦਮ ਹੋਣਾ ਪਵੇਗਾ। ਉਹਨਾਂ ਕਿਹਾ ਕਿ ਦਿੱਲੀ ਤਖ਼ਤ ਨੇ ਜੂਨ 1984 ‘ਚ ਸਾਡਾ ਸ੍ਰੀ ਅਕਾਲ ਤਖ਼ਤ ਸਾਹਿਬ ਤੋੜਿਆ ਲੇਕਿਨ ਇਸ ਸਬੰਧੀ, ਬਾਦਲ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਆਗੂ ਤੇ ਗਿਆਨੀ ਹਰਪ੍ਰੀਤ ਸਿੰਘ ਨੇ ਕਦੇ ਨਹੀਂ ਕਿਹਾ ਕਿ ਦਿੱਲੀ ਤਖ਼ਤ ਦੇ ਟੁਕੜੇ-ਟੁਕੜੇ ਹੋਣਗੇ ਜਾਂ ਅਸੀਂ ਕਰਾਂਗੇ। ਇਸ ਦੇ ਉਲਟ ਬਾਦਲਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਪਿੱਠ ਕਰਕੇ ਦਿੱਲੀ ਤਖ਼ਤ ਦੇ ਪਿਆਦੇ ਬਣੇ ਰਹੇ। ਹੁਣ ਜਦੋਂ ਬਾਦਲਾਂ ਦੀਆਂ ਆਪਣੀਆਂ ਹੀ ਪੰਥ ਵਿਰੋਧੀ ਤੇ ਬੇਹੱਦ ਗ਼ਲਤ ਨੀਤੀਆਂ ਕਾਰਨ ਹਰਿਆਣੇ ਦੇ ਸਿੱਖਾਂ ਦੀ ਮੰਗ ‘ਤੇ ਵੱਖਰੀ ਕਮੇਟੀ ਹੋਂਦ ਵਿੱਚ ਆ ਚੁੱਕੀ ਹੈ ਤਾਂ ਇਸ ਵਿੱਚ ਜਿੱਥੇ ਕਾਂਗਰਸ ਅਤੇ ਭਾਜਪਾ ਦੋਸ਼ੀ ਹੈ ਓਥੇ ਬਾਦਲ ਪਰਿਵਾਰ ਵੀ ਬਰਾਬਰ ਦਾ ਦੋਸ਼ੀ ਹੈ।

ਉਹਨਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਜੀ ਤੁਹਾਨੂੰ ਅੱਜ ਸ਼੍ਰੋਮਣੀ ਕਮੇਟੀ ਕੋਲੋਂ ਹਰਿਆਣੇ ਦੇ ਗੁਰਦਵਾਰੇ ਖੋਹਣ ਦਾ ਦੁੱਖ ਲੱਗਾ ਤੇ ਤੁਸੀਂ ਕਹਿ ਦਿੱਤਾ ਅਕਾਲ ਪੁਰਖ ਇਹਨਾਂ ਦੀ ਪਾਰਲੀਮੈਂਟ ਤੋੜਨਗੇ। ਪਰ ਸ੍ਰੀ ਦਰਬਾਰ ਸਾਹਿਬ ‘ਤੇ ਹਮਲਾ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਹੋਰ ਸੰਗਤਾਂ ਦੀ ਸ਼ਹੀਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ‘ਤੇ ਲੱਗੀਆਂ ਗੋ਼ਲੀਆਂ, ਸਿੱਖ ਰੈਫ਼ਰੈਂਸ ਲਾਇਬਰੇਰੀ ਦੀ ਤਬਾਹੀ, ਤੋਸ਼ੇਖਾਨੇ ਨੂੰ ਸਾੜਨਾ, ਝੂਠੇ ਪੁਲਿਸ ਮੁਕਾਬਲੇ, ਸਿੱਖ ਨਸਲਕੁਸ਼ੀ ਅਤੇ ਖ਼ਾਲਸਤਾਨੀ ਸੰਘਰਸ਼ ਵਿੱਚ ਸ਼ਹੀਦ ਹੋਏ ਲੱਖਾਂ ਸਿੰਘਾਂ-ਸਿੰਘਣੀਆਂ ਦੀਆਂ ਸ਼ਹਾਦਤਾਂ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਨੂੰ ਛੋਟੀਆਂ

ਲੱਗ ਰਹੀਆਂ ਹਨ ਕਿਉਂਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਕਹਿ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਤੋੜਨਾ ਜੂਨ 1984 ਦੇ ਤੀਜੇ ਘੱਲੂਘਾਰੇ ਨਾਲੋਂ ਵੀ ਵੱਡਾ ਹੁੰਦਾ ਹੈ।

ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਿੱਖ ਕੌਮ ਤਾਂ ਸ਼ਹੀਦਾਂ ਦੇ ਨਿਸ਼ਾਨੇ ਉੱਤੇ ਪਹਿਰਾ ਦੇਂਦਿਆਂ ਖ਼ਾਲਿਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰ ਰਹੀ ਹੈ ਲੇਕਿਨ ਸ਼੍ਰੋਮਣੀ ਕਮੇਟੀ ਅਤੇ ਬਾਦਲ ਦਲ ਹਮੇਸ਼ਾਂ ਹੀ ਸ਼ਹੀਦਾਂ ਅਤੇ ਜੁਝਾਰੂ ਸਿੰਘਾਂ ਦੇ ਵਿਰੋਧੀ ਰਹੇ ਹਨ। ਉਹਨਾਂ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕਹੀ ਗੱਲ ਕਿ ਭਾਰਤ ਤਾਂ ਆਜ਼ਾਦ ਹੋ ਗਿਆ ਲੇਕਿਨ ਸਿੱਖ ਅਜਾਦ ਨਹੀਂ ਹੋਏ ਦਾ ਜਵਾਬ ਦਿੰਦਿਆਂ ਕਿਹਾ ਕਿ ਇਸ ਦਾ ਮਤਲਬ ਕਿ ਸਿੱਖ ਗ਼ੁਲਾਮ ਹਨ ਫਿਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਅਤੇ ਬਾਦਲ ਦਲ ਨੇ ਸਿੱਖ ਕੌਮ ਦੀ ਆਜ਼ਾਦੀ ਲਈ ਸੰਘਰਸ਼ ਕਦੋਂ ਸ਼ੁਰੂ ਕਰਨਾ ਹੈ?

ਉਹਨਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਹੋਰ ਮਸਲਿਆਂ ਉੱਤੇ ਤਾਂ ਬੇਬਾਕ ਹੋ ਕੇ ਬੋਲਦੇ ਹਨ ਪਰ ਬਾਦਲਾਂ ਵੇਲੇ ਉਹ ਘੁੰਢ ਕਿਉਂ ਕੱਢ ਲੈਂਦੇ ਹਨ, ਨਰਮੀ ਕਿਉਂ ਵਰਤਦੇ ਹਨ।

ਉਹਨਾਂ ਕਿਹਾ ਕਿ ਕੀ ਗਿਆਨੀ ਹਰਪ੍ਰੀਤ ਸਿੰਘ ਨੂੰ ਪਤਾ ਨਹੀਂ ਕਿ ਬਾਦਲਾਂ ਨੇ ਅਕਾਲੀ ਦਲ ਦਾ ਸੱਤਿਆਨਾਸ ਕਰ ਦਿੱਤਾ ਹੈ, ਕਿਸਾਨਾਂ-ਮਜ਼ਦੂਰਾਂ ਦੀ ਪਾਰਟੀ ਨੂੰ ਸਰਮਾਏਦਾਰਾਂ ਦੀ ਪਾਰਟੀ ਬਣਾ ਧਰਿਆ ਹੈ, ਬਾਦਲਾਂ ਦੀ ਜਾਇਦਾਦ ਵਿੱਚ ਹਰ ਸਾਲ ਵਾਧਾ ਹੋ ਰਿਹਾ ਹੈ, ਬਾਦਲਕੇ ਪੰਥ ਅਤੇ ਪੰਜਾਬ ਨੂੰ ਲੁੱਟ ਕੇ ਖਾ ਗਏ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਮੂੰਹ ਵਿੱਚ ਘੁੰਗਣੀਆਂ ਕਿਉਂ ਪਾਈਆਂ ਹੋਈਆਂ ਹਨ ਉਹ ਖੁਲ੍ਹ ਕੇ ਕਿਉਂ ਨਹੀਂ ਬੋਲਦੇ ?


# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa, *B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# .Ck Auto.

## CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity

On All Seasons & Winter Tires
(Auplus & Comforser)


TARSHOTAM BIRAN

**215/70R16**
**COMFORSER**
Reg: ~~$155.00~~
Now : $70.00



**235/65R17**
**COMFORSER**
Reg: ~~$220.00~~
Now : $95.00



**245/65R17**
**COMFORSER**
Reg: ~~$240.00~~
Now : $100.00



**215/70R15**
**GOOD YEAR INTEGRITY**
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

# SHRI GURU RAVIDASS SABHA VANCOUVER

7271 Gilley Ave, Burnaby, BC V5J 4W9 | Tel: 604-435-9997 | Fax: 604-435-7771

Web: www.gururavidasssabha.org Email: info@gururavidasssabha.net



# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਬਰਨਬੀ ਦਾ ਨੀਂਹ ਪੱਥਰ 18 ਮਾਰਚ 2023 ਨੂੰ ਰੱਖਿਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਬਰਨਬੀ ਦਾ ਨੀਂਹ ਪੱਥਰ 18 ਮਾਰਚ, 2023 ਦਿਨ ਸ਼ਨੀਵਾਰ ਨੂੰ ਸ਼ਾਮ 4 ਵਜੇ ਬੀ ਸੀ ਦੇ ਪ੍ਰੀਮੀਅਰ ਮਾਨਯੋਗ ਡੈਵਿਡ ਐਬੀ ਵੱਲੋਂ ਰੱਖਿਆ ਜਾਵੇਗਾ। ਸਮੂੰਹ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਸ਼ੁੱਭ ਮੌਕੇ ਪ੍ਰੀਵਾਰਾਂ ਸਮੇਤ ਪਹੁੰਚ ਕੇ ਧੰਨਵਾਦੀ ਬਣਾਉ ਜੀ। ਇਸ ਪਾਵਨ ਮੌਕੇ ਤੇ ਰੱਖੇ ਗਏ ਸਹਿਜਪਾਠ ਸਾਹਿਬ ਦੇ ਭੋਗ 18 ਮਾਰਚ ਦਿਨ ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਲੰਗਰ ਅਤੇ ਦੇਗਾਂ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ।

ਅਸੀਂ ਆਪਣੇ ਰਹਿਬਰਾਂ ਗੁਰੂਆਂ ਅਤੇ ਬਜੁਰਗਾਂ ਦੇ ਦਰਸਾਏ ਹੋਏ ਮਾਰਗਾਂ ਤੇ ਚਲਦੇ ਹੋਏ ਅੱਗੇ ਵੱਧ ਰਹੇ ਹਾਂ। ਸਾਡੇ ਸਾਂਝੇ ਅਸਥਾਨ ਸਾਡੀ ਕਮਿਊਨਟੀ ਦੇ ਮਸਲਿਆਂ ਨੂੰ ਹੱਲ ਕਰਨ ਅਤੇ ਭਾਈਚਾਰਕ ਸਾਂਝ ਬਣਾਉਣ ਲਈ ਮੰਚ ਪ੍ਰਦਾਨ ਕਰਦੇ ਹਨ।

ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਸਾਡੇ ਆਪਣੇ ਮੈਂਬਰਾਂ ਅਤੇ ਕਮਿਊਨਿਟੀ ਦੀਆਂ ਵਧਦੀਆਂ ਅਤੇ ਵਿਕਸਿਤ ਹੋ ਰਹੀਆਂ ਲੋੜਾਂ ਨੂੰ ਪੂਰਾ ਕਰਨ ਲਈ ਇਕ ਬਹੁ-ਉਦੇਸ਼ੀ ਕੰਪਲੈਕਸ ਹੋਵੇਗੀ।

**ਸਮੁੱਚੇ ਭਾਈਚਾਰੇ ਨੂੰ ਇਸ ਸ਼ੁੱਭ ਮੌਕੇ ਤੇ ਸ਼ਾਮਲ ਹੋਣ ਅਤੇ ਤਨ-ਮਨ-ਧਨ ਨਾਲ ਸੇਵਾ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।**

## Ground Breaking Ceremony of Shri Guru Ravidass Sabha on March 18 (Saturday) at 4 pm by Hon. Premier David Ebby

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਪਤੇ, ਫੋਨ ਨੰਬਰ ਅਤੇ ਈਮੇਲ ਬਦਲ ਗਏ ਹਨ, ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਨੋਟ ਕਰਵਾ ਦਿਉ ਜੀ।

ਲੰਗਰ, ਵਿਆਹ ਸ਼ਾਦੀ, ਅਖੰਡ ਪਾਠ ਸਾਹਿਬ, ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ ਬੁਕਿੰਗ ਕਰਵਾਉਣ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

**TO BOOK PROGRAMS OR GURDWARA SEVA AND OTHER INFORMATION PLEASE CONTACT: 604-435-9997**

ਅਸੀਂ ਗੁਰੂ ਰਵਿਦਾਸ ਸਭਾ 'ਚ ਲੰਗਰ ਸੇਵਾ ਲੈਣ ਲਈ ਕਮਿਊਨਿਟੀ/ਸੰਗਤ ਨੂੰ ਬੇਨਤੀ ਕਰਦੇ ਹਾਂ। ਲੰਗਰ ਸੇਵਾ ਦੇ ਦਿਨਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਲੈਣ ਲਈ ਕ੍ਰਿਪਾ ਸੰਪਰਕ ਕਰੋ:

**President**
BILL BASRA 604-725-4048
*Vice Presidents:*
*HUKAM CHAND 604-364-7890*
*2nd Vice Presidents:*
*PARMJIT S. KAINTH 604-773-9393*

**General Secretary**
GURMUKH SINGH SIDHU
778-898-6813
*Assistant Secretary:*
*ARONJIT LAGERI 778-251-2138*

**Treasurer**
HARBHAJAN LAL MAHEY
604-724-5333
*Assistant Treasurer:*
*RAJKUMAR BANGER 778-227-2459*

**BOARD OF DIRECTORS:**
*Harvinder Lalli*
*Parmjeet Saroya*
*Surinder Kalsi*
*Santokh Ram Jassal*
*Rajesh Kumar Toora*
*Balmukand Singh*

**BOARD OF TRUSTEES**
*Gurbaksh Singh Dhanda*
*Harjinder Singh Sahni*
*Sudarshan Kumar Ardhawa*
*Makhan Ram Chamba*
*Shingara Ram Aujla*
*Piara Singh Hira*
*Prem Nath Mall*



# GURU NANAK SIKH GURDWARA

7050 – 120th Street, Surrey, BC, Canada

GURU NANAK SIKH GURDWARA

**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

**17 ਮਾਰਚ ਦਿਨ ਸ਼ੁੱਕਰਵਾਰ**

*ਸਵੇਰੇ 10 ਵਜੇ ਆਰੰਭ ਸ੍ਰੀ ਅਖੰਡਪਾਠ ਸਾਹਿਬ

1. ਆਰੰਭ ਸ੍ਰੀ ਅਖੰਡਪਾਠ ਸਾਹਿਬ ਸਮੂਹ ਚਾਹਲ ਪਰਿਵਾਰਾਂ ਵੱਲੋਂ

2. ਆਰੰਭ ਸ੍ਰੀ ਅਖੰਡਪਾਠ ਸਾਹਿਬ ਨਛੱਤਰ ਸਿੰਘ ਨਾਹਲ ਪਰਿਵਾਰ ਵੱਲੋਂ

**18 ਮਾਰਚ ਦਿਨ ਸ਼ਨਿਚਰਵਾਰ**

*ਸਵੇਰੇ 10 ਵਜੇ ਅਨੰਦ ਕਾਰਜ ਸਤਨਾਮ ਸਿੰਘ ਦਿਆਲ ਪਰਿਵਾਰ ਵੱਲੋਂ

*ਸ਼ਾਮ 3 ਵਜੇ ਪਾਠ ਸੁਖਮਨੀ ਸਾਹਿਬ ਅਤੇ ਕੀਰਤਨ ਲੰਗਰ ਸੇਵਾ ਨਰਿੰਦਰ ਕੌਰ ਪਰਿਵਾਰ ਵੱਲੋਂ

*ਸ਼ਾਮ 5.30 ਵਜੇ ਪਾਠ ਸੁਖਮਨੀ ਸਾਹਿਬ ਅਤੇ ਕੀਰਤਨ ਲੰਗਰ ਸੇਵਾ ਮਹਿੰਦਰ ਸਿੰਘ ਸਹੋਤਾ ਪਰਿਵਾਰ ਵੱਲੋਂ

*ਸ਼ਾਮ 6 ਵਜੇ ਪਾਠ ਸੁਖਮਨੀ ਸਾਹਿਬ ਅਤੇ ਕੀਰਤਨ ਲੰਗਰ ਸੇਵਾ ਹਰਪਾਲ ਸਿੰਘ ਪਰਿਵਾਰ ਵੱਲੋਂ

**19 ਮਾਰਚ ਦਿਨ ਐਤਵਾਰ**

*ਸਵੇਰੇ 8.30 ਵਜੇ ਭੋਗ ਸ੍ਰੀ ਅਖੰਡਪਾਠ ਸਾਹਿਬ

*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਲੰਗਰ ਸੇਵਾ

## ਗਿਆਨੀ ਜੰਗਬੀਰ ਸਿੰਘ ਜੀ

**ਐਤਵਾਰ 19 ਮਾਰਚ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤਕ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੱਲ ਰਹੀ ਲੜੀਵਾਰ ਕਥਾ ਦੇ ਭੋਗ ਪਾਏ ਜਾਣਗੇ**

**MARCH 14 TO 18**
**DAILY KATHA HAJRI**
**7 TO 8 PM**

**MARCH 19**
**KATHA HAJRI**
**10 AM TO 2 PM**



ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਮਨਪ੍ਰੀਤ ਸਿੰਘ ਜੀ, ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

## ਕਥਾਵਾਚਕ

ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ ਵਾਲੇ

## ਕਵੀਸ਼ਰੀ ਜਥਾ

ਕਵੀਸ਼ਰ ਨਿਸ਼ਾਨ ਸਿੰਘ ਚੱਬਲ

ਦੇਗ ਤੇਗ ਫਤਹਿ                ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*17 ਮਾਰਚ ਦਿਨ ਸ਼ੁੱਕਰਵਾਰ ਸ. ਗੁਰਦੇਵ ਸਿੰਘ ਤੂਰ ਪਰਿਵਾਰ ਵੱਲੋਂ ਸਹਿਜਪਾਠ ਆਰੰਭ ਹੋਣਗੇ।

*18 ਮਾਰਚ ਦਿਨ ਸ਼ਨਿਚਰਵਾਰ ਮਾਤਾ ਗੁਰਦੇਵ ਕੌਰ ਜੀ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ।

*19 ਮਾਰਚ ਦਿਨ ਐਤਵਾਰ ਗੁਰਮੀਤ ਕੌਰ ਧਾਲੀਵਾਲ ਪਰਿਵਾਰ ਵੱਲੋਂ ਸਹਿਜਪਾਠ ਆਰੰਭ ਹੋਣਗੇ।

*20 ਮਾਰਚ ਦਿਨ ਸੋਮਵਾਰ ਗੁਰੂਘਰ ਵਿਖੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*20 ਮਾਰਚ ਤੋਂ 24 ਮਾਰਚ ਤੱਕ ਖਾਲਸਾ ਸਕੂਲ ਵੱਲੋਂ ਬੱਚਿਆਂ ਦਾ ਕੈਂਪ ਲਗਾਇਆ ਜਾਵੇਗਾ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥਾ:ਭਾਈ ਕੇਵਲ ਸਿੰਘ ਬਠਿੰਡਾ ਦਾ ਜਥਾ

*ਕਥਾ ਵਾਚਕ -ਭਾਈ ਬਲਜੀਤ ਸਿੰਘ ਗੁਰਦਾਸਪੁਰੀ        *ਢਾਡੀ ਜਥਾ:ਏਕਬਲਜੋਤ ਸਿੰਘ ਇਆਲੀ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570


ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274, ਕਮਲਪ੍ਰੀਤ ਸਿੰਘ (ਲਾਂਗਰੀ)

# ਇਸਲਾਮਿਕ ਬੁੱਧੀਜੀਵੀਆਂ ਨੇ ਕਸ਼ਮੀਰ ਨੂੰ ਸਵੈ ਨਿਰਣੈ ਦਾ ਅਧਿਕਾਰ ਦੇਣ ਦੀ ਕੀਤੀ ਅਪੀਲ

ਇਸਲਾਮਾਬਾਦ- ਸਿਆਸੀ ਵਿਸ਼ਲੇਸ਼ਕਾਂ ਨੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਜੰਮੂ-ਕਸ਼ਮੀਰ ‘ਤੇ ਆਪਣਾ ਗੈਰ-ਕਾਨੂੰਨੀ ਕਬਜ਼ਾ ਖਤਮ ਕਰੇ ਅਤੇ ਕਸ਼ਮੀਰੀਆਂ ਨੂੰ ਆਪਣੇ ਅਟੁੱਟ ਸਵੈ-ਨਿਰਣੇ ਦੇ ਅਧਿਕਾਰ ਦੀ ਵਰਤੋਂ ਕਰਨ ਦੇਣ।

ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੇ ਹਾਲ ਹੀ ਦੇ ਝੂਠੇ ਦਾਅਵਿਆਂ ਦੇ ਉਲਟ ਜੰਮੂ-ਕਸ਼ਮੀਰ ਕਦੇ ਵੀ ਭਾਰਤ ਦਾ ਅਨਿੱਖੜਵਾਂ ਅੰਗ ਨਹੀਂ ਰਿਹਾ ਅਤੇ ਨਾ ਹੀ ਹੋਵੇਗਾ।

ਵਿਸ਼ਲੇਸ਼ਕਾਂ ਨੇ ਇਸ ਬਿਆਨ ਨੂੰ ਭਾਰਤੀ ਨੇਤਾਵਾਂ ਦੇ ਹਮਲਾਵਰ ਮਨਸੂਬਿਆਂ ਦਾ ਇੱਕ ਹੋਰ ਪ੍ਰਗਟਾਵਾ ਕਰਾਰ ਦਿੱਤਾ, ਜੋ ਖੇਤਰੀ ਸ਼ਾਂਤੀ ਅਤੇ ਸਥਿਰਤਾ ਲਈ




ਲਗਾਤਾਰ ਖਤਰਾ ਬਣਿਆ ਹੋਇਆ ਹੈ।

“ਇਹ ਦਾਅਵੇ ਨਾ ਤਾਂ ਇਤਿਹਾਸ ਦੇ ਤੱਥਾਂ ਨੂੰ ਬਦਲ ਸਕਦੇ ਹਨ ਅਤੇ ਨਾ ਹੀ ਜੰਮੂ-ਕਸ਼ਮੀਰ ਦੀ ਕਾਨੂੰਨੀ ਸਥਿਤੀ ਨੂੰ ਬਦਲ ਸਕਦੇ ਹਨ ਜੋ ਅੰਤਰਰਾਸ਼ਟਰੀ ਤੌਰ ‘ਤੇ ਮਾਨਤਾ ਪ੍ਰਾਪਤ ਵਿਵਾਦਿਤ ਖੇਤਰ ਹੈ। ਭਾਰਤ ਨੂੰ ਝੂਠੇ ਅਤੇ ਗੁੰਮਰਾਹਕੁੰਨ ਦਾਅਵਿਆਂ ਦਾ ਸਹਾਰਾ ਲੈਣਾ ਬੰਦ ਕਰਨਾ ਚਾਹੀਦਾ ਹੈ,

ਵਿਸ਼ਲੇਸ਼ਕਾਂ ਨੇ ਕਿਹਾ ਕਿ ਪਾਕਿਸਤਾਨ ਨੇ ਵਾਰ-ਵਾਰ ਸੰਯੁਕਤ ਰਾਸ਼ਟਰ, ਉਸ ਦੀ ਮਨੁੱਖੀ ਅਧਿਕਾਰ ਮਸ਼ੀਨਰੀ ਦੇ ਨਾਲ-ਨਾਲ ਮੈਂਬਰ ਦੇਸ਼ਾਂ ਨੂੰ ਭਾਰਤ ਨੂੰ 5 ਅਗਸਤ 2019 ਤੋਂ ਕੀਤੀਆਂ ਗੈਰ-ਕਾਨੂੰਨੀ ਅਤੇ ਇਕਪਾਸੜ ਕਾਰਵਾਈਆਂ ਨੂੰ ਰੱਦ ਕਰਨ ਲਈ ਸਲਾਹ ਦੇਣ ਦੀ ਅਪੀਲ ਕੀਤੀ ਹੈ, ਜਿਸ ਨਾਲ ਕਸ਼ਮੀਰੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਨੂੰ ਤੁਰੰਤ ਖਤਮ ਕੀਤਾ ਜਾਵੇ। ਸੁਤੰਤਰ ਸੰਸਥਾਵਾਂ ਤੱਕ ਪਹੁੰਚ ਪ੍ਰਦਾਨ ਕਰਨਾ ਅਤੇ ਇਸਦੀਆਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨਾ।

# ਹਿਮਾਚਲ ਪ੍ਰਦੇਸ਼ ‘ਚ ਖਾਲਿਸਤਾਨ ਪੱਖੀ ਨਾਅਰੇ ਲਗਾਏ ਗਏ



ਚੰਡੀਗੜ੍ਹ- ਭਾਰਤੀ ਰਾਜ ਹਿਮਾਚਲ ਪ੍ਰਦੇਸ਼ ਦੇ ਮਨਾਲੀ ਸ਼ਹਿਰ ਵਿੱਚ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ। ਮਨਾਲੀ ਦੇ ਐਂਟਰੀ ਪੁਆਇੰਟ ’ਤੇ ਚੰਡੀਗੜ੍ਹ-ਮਨਾਲੀ ਹਾਈਵੇਅ ’ਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਵੱਲੋਂ ਨਾਅਰੇਬਾਜ਼ੀ ਕੀਤੀ ਗਈ। ਸੈਂਕੜੇ ਸਿੱਖ ਸ਼ਰਧਾਲੂ, ਜ਼ਿਆਦਾਤਰ ਮੋਟਰਸਾਈਕਲਾਂ ‘ਤੇ ਸਵਾਰ ਸਨ ਅਤੇ ਪੰਜਾਬ ਤੋਂ ਸਨ, ਨੇ ਹਿਮਾਚਲ ਪ੍ਰਦੇਸ਼ ਦੇ ਮਨੀਕਰਨ ਕਸਬੇ ਦੇ ਇੱਕ ਗੁਰਦੁਆਰੇ ਦੇ ਦਰਸ਼ਨ ਕੀਤੇ। ਸਿੱਖ ਸ਼ਰਧਾਲੂਆਂ ਨੇ ਮਨਾਲੀ ਦੇ ਐਂਟਰੀ ਪੁਆਇੰਟ ‘ਤੇ ਬੈਰੀਅਰ ‘ਤੇ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਹਾਈਵੇਅ ਨੂੰ ਜਾਮ ਕਰਕੇ ਧਰਨਾ ਦਿੱਤਾ। ਪ੍ਰਦਰਸ਼ਨ ਦੌਰਾਨ ਉਨ੍ਹਾਂ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕੀਤੀ। ਭਾਰਤ ਦਾ ਹਿਮਾਚਲ ਪ੍ਰਦੇਸ਼ ਰਾਜ ਪਹਿਲਾਂ ਵੀ ਖਾਲਿਸਤਾਨੀਆਂ ਦੀ ਮੌਜੂਦਗੀ ਨੂੰ ਮਹਿਸੂਸ ਕਰ ਚੁੱਕਾ ਹੈ। ਪਿਛਲੇ ਸਾਲ ਮਈ ਵਿੱਚ, ਧਰਮਸ਼ਾਲਾ ਵਿੱਚ ਹਿਮਾਚਲ ਅਸੈਂਬਲੀ ਕੰਪਲੈਕਸ ਦੀਆਂ ਕੰਧਾਂ ਉੱਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੁਆਰਾ ਖਾਲਿਸਤਾਨ ਪੱਖੀ ਗ੍ਰਾਫਿਟੀ ਪੇਂਟ ਕੀਤੀ ਗਈ ਸੀ।

# ਦਿੱਲੀ ‘ਚ ਪੰਜਾਬ ਦੇ ਕਿਸਾਨਾਂ ਵੱਲੋਂ ਧਰਨਾ

ਨਵੀਂ ਦਿੱਲੀ:ਪੰਜਾਬ ਦੇ ਸੈਂਕੜੇ ਕਿਸਾਨਾਂ ਨੇ ਸੋਮਵਾਰ ਇੱਥੇ ਜੰਤਰ-ਮੰਤਰ ‘ਤੇ ਇਕੱਠੇ ਹੋ ਕੇ ਕੇਂਦਰ ਵਿਰੁੱਧ ਪ੍ਰਦਰਸ਼ਨ ਕੀਤਾ ਅਤੇ ਪਾਣੀ ਦੀ ਬਰਾਬਰ ਵੰਡ ਤੇ ਘੱਟੋ-ਘੱਟ ਸਮਰਥਨ ਮੁੱਲ ਸਕੀਮ ਨੂੰ ਲਾਗੂ ਕਰਨ ਸਮੇਤ ਆਪਣੀਆਂ ਮੰਗਾਂ ਲਈ ਦਬਾਅ ਪਾਇਆ। ਪੰਜਾਬ ਦੀਆਂ ਪੰਜ ਕਿਸਾਨ ਯੂਨੀਅਨਾਂ ਨੇ ਭਾਰੀ ਪੁਲਸ ਪਹਿਰੇ ਹੇਠ ਧਰਨਾ ਦਿੱਤਾ। ਕਿਸਾਨਾਂ ਦੇ ਵਫਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਬੋਧਤ ਮੰਗ ਪੱਤਰ ਵੀ ਸੰਬੰਧਤ ਅਧਿਕਾਰੀਆਂ ਨੂੰ ਸੌਂਪਿਆ, ਜਿਸ ‘ਚ ਕਿਸਾਨਾਂ ਨੇ ਮੋਦੀ ਨੂੰ ਅਪੀਲ ਕੀਤੀ ਕਿ ਉਹ ਖੇਤੀਬਾੜੀ ਲਈ ਪਾਣੀ ਦੀ ਸਹੀ ਵੰਡ ਨੂੰ ਯਕੀਨੀ ਬਣਾਉਣ ਅਤੇ ਐੱਮ ਐੱਸ ਪੀ ਸਕੀਮ ਨੂੰ ਲਾਗੂ ਕਰਨ।


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC





Special offer!

Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਮੰਡੀਰ ਬਨਾਮ ਖਾੜਕੂ

ਘੋੜਾ ਚੰਗਾ ਭਲਾ ਸੀ ਜਦ ਉਸ ਦੇਖਿਆ ਸਵਾਰ ਦੇ ਪਲੇ ਹੀ ਕਖ ਨਹੀ ਓਹ ਮਾਰ ਛਾਲ ਉਠਿਆ ਯਾਣੀ ਮੰਡੀਰ ਹੋ ਤੁਰਿਆ।

ਹਾਥੀ ਦੇ ਸਿਰੋਂ ਜਿਓਂ ਹੀ ਕੁੰਡਾ ਹਟਿਆ ਓਹ ਮਛਰ ਕੇ ਮੰਡੀਰ ਹੋ ਲਿਆ।

ਪਾਲਤੂ ਕੁਤਾ ਸੀ ਰਾਖੀ ਕਰਦਾ ਸੀ ਘਰ ਦੀ ਪਰ ਜਿਓਂ ਹੀ ਗਲੋਂ ਸੰਗਲ ਲਥਿਆ ਬਾਹਰ ਜਾ ਕੇ ਪਾਲਤੂ ਕੁਤੇ ਤੋਂ ਕਤੀੜ ਹੋ ਗਿਆ।84 ਤੋਂ ਪਹਿਲਾਂ ਗੰਡਾਸਾ ਜਟ ਦਾ, ਟਕੂਆ ਜਟ ਦਾ, ਜੋ ਕੁਤਾ ਬਿਲੀ ਸਭ ਜਟ ਦਾ ਵਾਲਾ ਦੌਰ ਚਲਿਆ। ਛੋਟਾ ਜਿਹਾ ਨਿਆਣਾ ਵੀ ਕਹਿਣ ਲਗਾ ਮਾਂਅ! ਅਜ ਜਟ ਨੇ ਗੰਡਾਸੇ ਤੇ ਰਖ ਕੇ ਰੋਟੀ ਖਾਣੀ ਓਏ।ਪਰ ਪੰਜਾਬ ਨੂੰ ਜਰਨੈਲ ਮਿਲਿਆ ਓਹ ਸਾਰੀ ਜਾਣੀ ਜਾਂਦੀ ਮੰਡੀਰ ਖਾੜਕੂਵਾਦ ਵਿਚ ਬਦਲ ਗਈ।ਬਹੁਤਾ ਆਖੇ ਜਾਂਦੇ ਅਪਣਿਆਂ ਅਤੇ ਬਾਕੀ ਗੈਰਾਂ ਦੀ ਮਿਹਰਬਾਨੀ ਕਾਰਨ ਜਦ ਇਸ ਲਹਿਰ ਦਾ ਭੋਗ ਪਿਆ ਤਾਂ ਓਹੀ ਜਵਾਨੀ ਲੰਡਰ ਗਾਇਕਾਂ ਅਤੇ ਬੇਈਮਾਨ ਲੀਡਰਾਂ ਢਹੇ ਚੜ ਕੇ ਫਿਰ ਤੋਂ ਮੰਡੀਰ ਹੋਣ ਵੰਨੀ ਤੁਰ ਪਈ ਅਤੇ ਅਜ ਆਖੇ ਜਾਂਦੇ ਗੈਂਗਸਟਰ ਅਤੇ ਨਸ਼ੇੜੀ ਇਨਾ ਦੋਹਾਂ ਧਿਰਾਂ ਦੀ ਵਡੀ ਦੇਣ ਹੈ ਪੰਜਾਬ ਨੂੰ।ਅਜ ਗੁਰਅਸਥਾਨਾ ਵੰਨੀ ਡੀ ਜੇ ਲਈ ਜਾਂਦੀ ਮੰਡੀਰ ਇਨਾਂ ਦੋਂਹ ਧਿਰਾਂ ਦੀ ਉਤਸ਼ਾਹਤ ਕੀਤੀ ਹੋਈ ਭੀੜ ਹੈ।

ਬਾਦਲ ਦੇ ਮਰਨ ਤੋਂ ਪਹਿਲਾਂ ਬਾਦਲਾਂ ਮਜੀਠੀਆਂ ਅਤੇ ਲੰਡਰਾਂ ਗਾਇਕਾਂ ਦਾ ਗਲਾਵਾਂ ਫੜ ਲਓ ਅਤੇ ਨਾਲ ਜਗਦੇਵ ਜੱਸੋਵਾਲ ਨੂੰ ਕਬਰਾਂ ਵਿਚੋਂ ਲਿਆਓ ਕਢ ਕੇ ਜਿੰਨ ਖਾੜਕੂਵਾਦ ਤੋਂ ਬਾਅਦ ਆਹਾ ਅਜ ਵਾਲਾ ਪਾਇਆ ਜਾ ਰਿਹਾ ਗੰਦ ਪੰਜਾਬ ਦੇ ਸਿਰ ਡੋਹਲਿਆ ਹੈ।ਓਹ 'ਸਿਆਣੇ' ਵੀ ਜਵਾਬਦੇਹ ਨੇ ਕੌਮ ਅਗੇ ਕਿ ਇਸ ਵਡੇ ਖਲਾਅ ਵਿਚ ਬਾਹਾਂ ਮਾਰਨ ਤੋਂ ਬਿਨਾ ਅਤੇ ਇਕ ਦੂਏ ਨੂੰ ਭੰਡਣ ਤੋਂ ਬਿਨਾ ਥੋਡਾ ਕੀ ਰੋਲ ਰਿਹਾ ਹੈ ਕਿ ਤੁਹਾਡੇ ਹੁੰਦਿਆਂ ਪੰਜਾਬ ਇਸ ਰਸਾਤਲ ਵਿਚ ਚਲੇ ਗਿਆ ਕਿ ਉਸ ਨੂੰ ਅਪਣੇ ਗੁਰਅਸਥਾਨਾ ਉਪਰ ਜਾਣ ਦਾ ਚਜ ਵੀ ਭੁਲ ਗਿਆ।ਮੰਡੀਰ ਨੂੰ ਜਰਨੈਲ ਮਿਲਿਆ ਤਾਂ ਰਾਤੋ ਰਾਤ ਓਹ ਆਖੀ ਜਾਂਦੀ ਮੰਡੀਰ ਖਾੜਕੂ ਹੋ ਗਈ ਅਤੇ ਅਪਣੇ ਹਕਾਂ ਖਾਤਰ ਮੋਟਰਸਾਈਕਲ ਤੇ ਚੜ ਬੈਠੀ।ਕਨੇਡਾ ਅਮਰੀਕਾ ਪੁਰਾਣੇ ਆਇਆਂ ਨੂੰ ਪਤੈ ਕਿ ਸਿਗਰਟਾਂ ਸ਼ਰਾਬ ਪੀਣੀ ਮੰਡੀਰ ਰਾਤੋ ਰਾਤ ਉਸਤਰੇ ਸੁਟ ਸਿੰਘ ਦਿਸਣ ਲਗ ਪਈ ਅਤੇ ਮਾਈਆਂ ਦੇ ਮਾਈਆਂ ਹੋਈਆਂ ਸਕਰਟਾਂ ਨੇ ਸੂਟ ਅਤੇ ਚੁੰਨੀ ਦਾ ਰੂਪ ਲੈ ਲਿਆ।

'ਸਿਆਣੇ' ਆਂਹਦੇ ਭਿੰਡਰਾਵਾਲੇ ਨੇ ਪੰਜਾਬ ਮਰਵਾ ਦਿਤਾ ਪਰ ਮੈਂ ਕਹਿੰਨਾ ਪੰਜਾਬ ਬਚ ਗਿਆ ਜਦ ਕਿ ਇਹ ਮਰਨ ਵਾਲਾ ਸੀ। 84 ਤੋਂ ਪਹਿਲਾਂ ਬਾਹਰ ਸਿਰ ਉਪਰ ਪਗ ਦੀਵਾ ਲੈ ਕੇ ਲਭਣ ਵਾਲੀ ਗਲ ਸੀ ਪਰ 84 ਬਾਅਦ ਜਿਵੇਂ ਪਗਾਂ ਦੀ ਫਸਲ ਹੀ ਉਗ ਆਈ ਹੋਵੇ।ਇੰਦਰਾ ਭੋਰਾ ਸਿਆਣੀ ਔਰਤ ਨਾ ਸੀ ਜੇ ਕਿਤੇ ਲੈ ਦੇ ਕੇ ਚਾਰ ਮੰਗਾ ਮੰਨਕੇ ਪੰਜਾਬ ਨੂੰ ਨਾ ਛੇੜਦੀ ਹੁਣ ਤੱਕ ਮਾੜੀ ਮੋਟੀ ਦਿਸਦੀ ਪਗ ਵੀ ਲਭਣੀ ਨਾ ਸੀ ਪੰਜਾਬ ਵਿਚ ਬਾਹਰ ਦੀ ਤਾਂ ਗਲ ਹੀ ਛਡੋ ਕਿਓਂਕਿ ਪੰਜਾਬ ਉਠਦਾ ਹੀ ਓਦੋਂ ਜਦ ਇਸ ਦੇ ਦਰਵਾਜੇ ਅਗੇ ਆ ਕੇ ਕੋਈ ਡੁਰਰਰਰ ਕਰੇ। ਯਾਦ ਰਹੇ ਕਿ ਮੰਡੀਰ ਧਰਤੀ ਵਿਚੋਂ ਨਹੀ ਉਗੀ ਨਾ ਅਸਮਾਨ ਤੋਂ ਡਿਗੀ ਹੈ ਇਹ ਸਾਡੇ ਹੀ ਵਿਗੜੇ ਹੋਏ ਨਿਆਣੇ ਨੇ ਪਰ ਜੇ ਅਜ ਇਨਾ ਨੂੰ ਸਹੀ ਦਿਸ਼ਾ ਦੇਣ ਵਾਲਾ ਕੋਈ ਨਿਤਰ ਆਏ ਇਸ ਆਖੀ ਜਾਂਦੀ ਮੰਡੀਰ ਨੇ ਹੀ ਸਿਰ ਦੇਣੇ ਨੇ ਨਹੀ ਤਾਂ ਨਾ ਕੋਈ ਭੋਰੇ ਵਿਚੋਂ ਨਿਕਲਣਾ ਨਾ ਤੁਹਾਡਾ ਕੋਈ ਕੁਕੜ ਤਰਾਂ ਬਾਹਾਂ ਖਲਾਰਨ ਵਾਲੇ ਵਿਦਵਾਨ ਨਿਤਰਨੇ। ਕੈਂਗਰੂ ਦੀ ਝੋਲੀ ਜਿਡੀਆਂ ਜੇਹਬਾਂ ਵਾਲਾ ਨਾ ਕੋਈ ਕਾਰਸੇਵੀਆ ਆਓਂਣਾ ਥੋਡੇ ਨਾਲ ਨਾ ਭੰਗ ਪੀਣੇ ਨਹੰਗ। ਨਾ ਟਾਸਕ ਫੋਰਸਾਂ ਦਿਸਣੀਆਂ ਨਾ ਤੋਤੇ ਕਬੂਤਰਾਂ ਵਾਲੇ।

ਇਹ ਮੈਂ ਨਹੀ ਪਿਛੇ ਦਾ ਬੀਤਿਆ ਦਸਦਾ।ਤੀਹ ਸਾਲਾਂ ਦੇ ਪੈਦਾ ਹੋਏ ਖਲਾਅ ਵਿਚ ਇਸ ਆਖੀ ਜਾਂਦੀ ਮੰਡੀਰ ਨੂੰ ਜੇ ਕੋਈ ਦਿਸ਼ਾ ਨਹੀ ਦੇ ਸਕਿਆ ਤਾਂ ਕਸੂਰ ਓਨਾ ਵਡੇ ਮਸੰਦਾਂ ਦਾ ਹੈ ਜੀਹਨਾ ਕੌਮ ਦਾ ਖਾਧਾ ਤਾਂ ਢਿਡ ਪਾੜ ਪਾੜ ਪਰ ਇਵੇਂ ਦੀ ਕੋਈ ਔਕਾਤ ਨਾ ਅਪਣੇ ਵਿਚ ਪੈਦਾ ਕਰ ਸਕੇ ਕਿ ਇਸ ਮੰਡੀਰ ਨੂੰ ਸੂਰਮੇ ਬਣਨ ਵੰਨੀ ਤੋਰਿਆ ਜਾ ਸਕੇ।ਕਿੰਨੇ ਸਾਧਨ ਨੇ ਸਿਖਾਂ ਕੋਲੇ, ਪਰਚਾਰਾਂ ਦੀਆਂ ਧੂੜਾਂ ਪਟੀਆਂ ਪਈਆਂ, ਸਪੀਕਰਾਂ ਕੰਨ ਪਾੜੇ ਵੇ ਲੋਕਾਂ ਦੇ, ਪਾਣੀ ਪੀ ਪੀ ਸੰਘ ਪਾੜਵੇਂ ਪ੍ਰਚਾਰਕ, ਪ੍ਰਚਾਰ ਦੇ ਨਾਂ ਤੇ ਵਡੀਆਂ ਸਲਤਨਤਾ ਖੜੀਆਂ ਕਰਨ ਵਾਲੇ 'ਜੋਧੇ' ਪਰ ਪੰਜਾਬ ਫਿਰ ਵੀ ਮੰਡੀਰੋ ਮੰਡੀਰ ਹੋਇਆ ਪਿਆ ਇਹ ਸ਼ਰਮ ਦੀ ਗਲ ਕੀਹਦੇ ਖਾਤੇ ਪਾਵੋਂਗੇ।ਗੁਰਅਸਥਾਨਾ ਉਪਰ ਵਾਪਰਦੀਆਂ ਘਟਨਾਵਾਂ ਲਈ ਕਿਆ ਕੇਵਲ ਮੰਡੀਰ ਜਿੰਮੇਵਾਰ ਹੈ? ਓਥੇ ਬੈਠੇ ਮਸੰਦ ਕੀ ਕਰਦੇ ਕਿ ਮਛਰੀ ਮੰਡੀਰ ਉਪਰ ਕੋਈ ਕੁੰਡਾ ਨਹੀ ਰਖ ਸਕਦੇ।ਟਾਸਕ ਫੋਰਸਾਂ ਕੇਵਲ ਆਮ ਲੋਕਾਂ ਦੇ ਪੁੜੇ ਸੇਕਣ ਲਈ ਰਖੀਂਆਂ ਵੀਆਂ?ਇਹ ਮਸੰਦ ਬਰਾਬਰ ਜਵਾਬਦੇਹ ਨੇ ਕਿ ਇਨਾ ਦੇ ਪ੍ਰਬੰਧ ਹੇਠ ਓਥੇ ਕਿਸੇ ਦੀ ਜੁਅਰਤ ਕਿਵੇਂ ਪਈ ਕਿ ਓਹ ਅਜਿਹਾ ਗੰਦ ਪਾ ਸਕਣ ਕਿ ਆਮ ਨੌਜਵਾਨਾ ਦੀ ਜਾਨ ਜਾਂਦੀ ਲਗੇ।

**-ਗੁਰਦੇਵ ਸਿੰਘ ਸੱਧੇਵਾਲੀਆ**

## ਮੋਦੀ ਸਰਕਾਰ ਦੀਆਂ ਚਾਲਾਂ ਖਿਲਾਫ ਪੰਜਾਬ ਭਰ 'ਚ ਕਿਸਾਨ ਮੁਜ਼ਾਹਰੇ

ਮਾਨਸਾ (ਆਤਮਾ ਸਿੰਘ ਪਮਾਰ) ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਹਰਿੰਦਰ ਸਿੰਘ ਲੱਖੋਵਾਲ ਅਤੇ ਸਤਨਾਮ ਸਿੰਘ ਬਹਿਰੂ ਦੇ ਘਰਾਂ ਉਪਰ ਸੀ ਬੀ ਆਈ ਵੱਲੋਂ ਕੀਤੀ ਗਈ ਛਾਪੇਮਾਰੀ ਵਿਰੁੱਧ ਸੋਮਵਾਰ ਜ਼ਿਲ੍ਹਾ ਹੈੱਡਕੁਆਰਟਰਾਂ ਉੱਪਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਮੁਜ਼ਾਹਰੇ ਕਰਨ ਮਗਰੋਂ ਮੋਦੀ ਸਰਕਾਰ ਦੀਆਂ ਅਰਥੀਆਂ ਫੂਕ ਕੇ ਜ਼ੋਰਦਾਰ ਵਿਰੋਧ ਦਰਜ ਕਰਵਾਇਆ। ਇਸ ਦੌਰਾਨ ਡਿਪਟੀ ਕਮਿਸ਼ਨਰਾਂ ਰਾਹੀਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਕਿ ਕਿਸਾਨ ਲਹਿਰ ਵਿਰੁੱਧ ਸਿਆਸੀ ਬਦਲਾਖੋਰੀ ਦੀ ਕਾਰਵਾਈ ਬੰਦ ਕਰਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਪੂਰਾ ਕੀਤਾ ਜਾਵੇ।





# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਮਾਰਚ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਗੁਰਗੱਦੀ ਦਿਵਸ ਗੁਰੂ ਹਰਿ ਰਾਏ ਜੀ, ਦਿੱਲੀ ਫਤਹਿ ਸ. ਬਘੇਲ ਸਿੰਘ ਜੀ ਦਾ ਮਨਾਇਆ ਜਾਵੇਗਾ ਅਤੇ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਪ੍ਰਭਦੀਪ ਸਿੰਘ ਖੈਰਾ ਪਰਿਵਾਰ ਵੱਲੋਂ ਅਤੇ ਭਾਈ ਚਰਨਜੀਤ ਸਿੰਘ ਗਰੇਵਾਲ ਪਰਿਵਾਰ ਵੱਲੋਂ ਹੋਵੇਗੀ।ਅਖੰਡਪਾਠ ਸਾਹਿਬ 17 ਮਾਰਚ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 19 ਮਾਰਚ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਚੈਨ ਸਿੰਘ ਹੀਰ ਅਤੇ ਬੀਬੀ ਨਿਰਮਲ ਕੌਰ ਹੀਰ ਪਰਿਵਾਰ ਵੱਲੋਂ ਹੋਵੇਗੀ।

*18 ਮਾਰਚ ਦਿਨ ਸ਼ਨਿਚਰਵਾਰ ਨੂੰ ਸਵ. ਜਸਪਾਲ ਸਿੰਘ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਦੁਪਹਿਰ 2 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਗੁਰੂਘਰ ਵਿਖੇ ਸ਼ਾਮ 3 ਵਜੇ ਹੋਵੇਗੀ।

*18 ਮਾਰਚ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਮਨਪ੍ਰੀਤ ਸਿੰਘ ਪੰਨੂ ਅਤੇ ਬੀਬੀ ਗੁਰਨੀਤ ਕੌਰ ਪੰਨੂੰ ਪਰਿਵਾਰ ਵੱਲੋਂ ਬੇਟੀ ਰੋਜ ਕੌਰ ਪੰਨੂੰ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ

2. ਭਾਈ ਲਾੜਵਿੰਦਰ ਸਿੰਘ ਪਰਿਵਾਰ ਵੱਲੋਂ 3.ਭਾਈ ਗੁਰਦੀਪ ਸਿੰਘ ਮਿੰਟੂ ਪਰਿਵਾਰ ਵੱਲੋਂ

*19 ਮਾਰਚ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਰਣਜੀਤ ਸਿੰਘ ਸੰਧੂ ਪਰਿਵਾਰ ਵੱਲੋਂ ਹੋਵੇਗੀ।

*19 ਮਾਰਚ ਦਿਨ ਐਤਵਾਰ ਨੂੰ ਬੀਬੀ ਜਸਵੰਤ ਕੌਰ ਹੇਹਰ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਸ਼ਾਮ 3 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਗੁਰੂਘਰ ਵਿਖੇ ਸ਼ਾਮ 4.30 ਵਜੇ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਭਗਤਦੀਪ ਸਿੰਘ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224, ਫੈਕਸ:604-572-3276**

# ਸਿਹਤ ਸੰਬੰਧੀ





# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ "Rhino" ਦਾ ਮਤਲਬ ਹੁੰਦਾ ਹੈ "ਨੱਕ ਨਾਲ ਸਬੰਧਤ" ਅਤੇ "itis" ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ।

ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ 'ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ।

ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (Isopathic) ਦਵਾਈਆਂ ਦਿੱਤੀਆਂ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ।

ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

**Antihistamines (ਐਂਟੀਹਿਸਟੇਮਾਈਨਜ਼)**

**Topical Steroids (ਟੌਪੀਕਲ ਸਟੀਰੌਇਡਜ਼)**

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ 'ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ 'ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ 'ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ 'ਤੇ ਕੰਮ ਕਰਨ ਸਮੇਂ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ।

ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕੱਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ।

- ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ 'ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ।
- ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ।
- ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ।
- ਐਨਕਾਂ ਪਹਿਨਣ ਨਾਲ ਅੱਖਾਂ 'ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਓ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
**Surrey's Choice Rehabilitation Centre**
**C: 778-855-3172, F: 778-395-4113**
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
**ਹਾਈ ਕਲਾਸ ਜਿਊਲਰ**
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
**Ph: 604-327-3132**
FAX: 604-327-0335

# ਸੰਵਿਧਾਨਕ ਬਨਾਮ ਧਰਮ-ਤੰਤਰੀ ਨਿਆਂਪਾਲਿਕਾ

**ਸਵਰਾਜਬੀਰ**

ਰਾਸ਼ਟਰੀ ਸਵੈਮਸੇਵਕ ਸੰਘ ਦੇ ਸਰਸੰਘਚਾਲਕ ਮੋਹਨ ਭਾਗਵਤ ਨੇ 12 ਜਨਵਰੀ 2023 ਨੂੰ ਭਾਸ਼ਣ ਦਿੰਦਿਆਂ ਕਿਹਾ ਸੀ, ''ਧਰਮ ਇਸ ਦੇਸ਼ ਦਾ ਸੱਚ (ਸਤਵ) ਹੈ ਅਤੇ ਸਨਾਤਨ ਧਰਮ ਹੀ ਹਿੰਦੂ ਰਾਸ਼ਟਰ ਹੈ। ਜਦ ਕਦੀ ਹਿੰਦੂ ਰਾਸ਼ਟਰ ਅੱਗੇ ਵਧਦਾ ਹੈ ਤਾਂ ਉਹ ਧਰਮ ਲਈ ਹੀ ਅੱਗੇ ਵਧਦਾ ਹੈ ਅਤੇ ਇਹ ਈਸ਼ਵਰ ਦੀ ਇੱਛਾ ਹੈ ਕਿ ਸਨਾਤਨ ਧਰਮ ਅੱਗੇ ਵਧੇ ਅਤੇ ਇਸ ਲਈ ਹਿੰਦੂਸਤਾਨ ਦੀ ਤਰੱਕੀ (ਉਦਯ) ਨਿਸ਼ਚਿਤ ਹੈ।'' 5 ਅਕਤੂਬਰ 2022 ਨੂੰ ਵਿਜੈਦਸ਼ਮੀ/ਦੁਸਹਿਰੇ ਮੌਕੇ ਮੋਹਨ ਭਾਗਵਤ ਨੇ ਕਿਹਾ ਸੀ, ''ਉਪਰੋਕਤ ਰਾਸ਼ਟਰ ਵਿਚਾਰ ਹਿੰਦੂ ਰਾਸ਼ਟਰ ਦਾ ਵਿਚਾਰ ਹੈ। ਇਸੇ ਲਈ ਅਸੀਂ ਕਹਿੰਦੇ ਹਾਂ ਹਿੰਦੂਸਤਾਨ ਹਿੰਦੂ ਰਾਸ਼ਟਰ ਹੈ।'' ਜਨਵਰੀ 2022 ਵਿਚ ਪ੍ਰਯਾਗਰਾਜ ਵਿਚ ਹੋਈ ਧਰਮ ਸੰਸਦ ਵਿਚ ਕਾਸ਼ੀ ਸੁਮੇਰੂ ਪੀਠ ਦੇ ਸਵਾਮੀ ਨਰੇਂਦਰਾਨੰਦ ਸਰਸਵਤੀ ਨੇ ਸੱਦਾ ਦਿੱਤਾ ਕਿ ਲੋਕਾਂ ਨੂੰ ਦੇਸ਼ ਨੂੰ 'ਹਿੰਦੂ ਰਾਸ਼ਟਰ ਭਾਰਤ' ਲਿਖਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਹ ਵਿਚਾਰ ਕਈ ਧਰਮ ਸੰਸਦਾਂ ਅਤੇ ਹੋਰ ਮੰਚਾਂ ਤੋਂ ਵੀ ਪ੍ਰਚਾਰਿਆ ਗਿਆ ਹੈ। ਇਹ ਪ੍ਰਚਾਰ ਵੀ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ ਕਿ ਪੁਰਾਤਨ ਭਾਰਤ (ਜਿਵੇਂ ਆਰਐੱਸਐੱਸ ਉਸ ਨੂੰ ਚਿਤਵਦਾ ਹੈ) ਅਤੇ ਉਸ ਸਮੇਂ ਪੈਦਾ ਹੋਇਆ ਗਿਆਨ ਸਰਵਸ੍ਰੇਸ਼ਟ ਹੈ ਅਤੇ ਹੁਣ ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਾਰੀ ਦੁਨੀਆ ਦਾ ਆਗੂ 'ਵਿਸ਼ਵ ਗੁਰੂ' ਬਣਨ ਜਾ ਰਿਹਾ ਹੈ।

ਇਸ ਬਹਿਸ ਵਿਚੋਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਅਸੀਂ ਸੱਚਮੁੱਚ ਹਿੰਦੂ ਰਾਸ਼ਟਰ ਹਾਂ ਜਾਂ ਹਿੰਦੂ ਰਾਸ਼ਟਰ ਬਣ ਜਾਵਾਂਗੇ? ਕੀ ਅਜਿਹਾ ਕੁਝ ਅਮਲ ਵਿਚ ਆ ਸਕਦਾ ਹੈ; ਇਸ ਦੀ ਕਿੰਨੀ ਕੁ ਸੰਭਾਵਨਾ ਹੈ? ਜੇ ਹਿੰਦੂ ਰਾਸ਼ਟਰ ਨੂੰ ਦੇਸ਼ ਦੀ ਮੁੱਖ ਪਛਾਣ ਬਣਾਇਆ ਜਾਂਦਾ ਹੈ ਤਾਂ ਦੂਸਰੇ ਧਾਰਮਿਕ ਫ਼ਿਰਕੇ ਵੀ ਆਪਣੇ ਧਰਮ ਆਧਾਰਿਤ ਰਾਸ਼ਟਰਾਂ ਦੀ ਗੱਲ ਕਿਉਂ ਨਹੀਂ ਕਰਨਗੇ? ਜ਼ਾਹਿਰ ਹੈ ਕਿ ਅਜਿਹੇ ਬਿਰਤਾਂਤਾਂ ਕਾਰਨ ਲੋਕ ਫ਼ਿਰਕੂ ਆਧਾਰ 'ਤੇ ਵੰਡੇ ਜਾਣਗੇ, ਨਫ਼ਰਤ ਪਨਪੇਗੀ ਅਤੇ ਉਸ ਤੋਂ ਸਿਆਸੀ ਲਾਹਾ ਲਿਆ ਜਾਵੇਗਾ। ਇੱਥੇ ਦੋ ਪ੍ਰਸ਼ਨ ਉਗਮਦੇ ਹਨ ਕਿ ਧਰਮ ਆਧਾਰਿਤ ਸਿਆਸਤ 'ਤੇ ਜ਼ੋਰ ਕਿਉਂ ਦਿੱਤਾ ਜਾ ਰਿਹਾ ਹੈ ਅਤੇ ਹਿੰਦੂ ਰਾਸ਼ਟਰ ਦੇ ਬਿਰਤਾਂਤ ਨੂੰ ਪਰਪੱਕ ਕਰਨ ਲਈ ਦੇਸ਼ ਦੀ ਸਭ ਤੋਂ ਸ਼ਕਤੀਸ਼ਾਲੀ ਪਾਰਟੀ ਕਿਹੋ ਜਿਹੇ ਢੰਗ-ਤਰੀਕੇ ਅਪਣਾ ਰਹੀ ਹੈ? ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਤੋਂ ਪਹਿਲਾਂ ਇਹ ਵਿਚਾਰ ਕਰਨਾ ਜ਼ਰੂਰੀ ਹੈ ਕਿ ਅਸੀਂ ਕਿਹੋ ਜਿਹੇ ਰਾਜ-ਪ੍ਰਬੰਧ/ਨਿਜ਼ਾਮ ਵਿਚ ਰਹਿ ਰਹੇ ਹਾਂ, ਇਹ ਕਿਵੇਂ ਹੋਂਦ ਵਿਚ ਆਇਆ ਹੈ, ਇਸ ਦੀ ਧੁਰੀ ਕੀ ਹੈ? ਇਸ ਰਾਜ-ਪ੍ਰਬੰਧ ਦੀ ਧੁਰੀ ਸੰਵਿਧਾਨ ਹੈ ਜਿਸ ਦੀ ਪ੍ਰਸਤਾਵਨਾ ਅਨੁਸਾਰ ਅਸੀਂ ''ਪ੍ਰਭੂਸੱਤਾਸੰਪੰਨ, ਸਮਾਜਵਾਦੀ, ਧਰਮ ਨਿਰਪੱਖ ਜਮਹੂਰੀ ਗਣਤੰਤਰ ਹਾਂ।'' 'ਸਮਾਜਵਾਦੀ' ਅਤੇ 'ਧਰਮ ਨਿਰਪੱਖ' ਸ਼ਬਦ 1976 ਵਿਚ ਐਮਰਜੈਂਸੀ ਦੇ ਸਮਿਆਂ ਵਿਚ ਹੋਈ 42ਵੀਂ ਸੰਵਿਧਾਨਕ ਸੋਧ ਰਾਹੀਂ ਪ੍ਰਸਤਾਵਨਾ ਵਿਚ ਆਏ। 1994 ਵਿਚ ਸੁਪਰੀਮ ਕੋਰਟ ਨੇ ਐੱਸਆਰ ਬੋਮਾਈ ਕੇਸ ਵਿਚ ਫ਼ੈਸਲਾ ਦਿੱਤਾ ਕਿ ਧਰਮ ਨਿਰਪੱਖਤਾ ਸੰਵਿਧਾਨ ਦੀ ਬੁਨਿਆਦੀ ਬਣਤਰ/ਢਾਂਚੇ (ਭੳਸਿਚ ਸ਼ਟਰੁਚਟੁਰਏ) ਦਾ ਹਿੱਸਾ ਹੈ। 1973 ਵਿਚ ਕੇਸ਼ਵਾਨੰਦ ਭਾਰਤੀ ਕੇਸ ਵਿਚ ਸੁਪਰੀਮ ਕੋਰਟ ਨੇ ਇਤਿਹਾਸਕ ਫ਼ੈਸਲਾ ਦਿੱਤਾ ਸੀ ਕਿ ਸੰਸਦ ਸੰਵਿਧਾਨ ਵਿਚ ਸੋਧ ਤਾਂ ਕਰ ਸਕਦੀ ਹੈ ਪਰ ਸੰਵਿਧਾਨ ਦੀ ਬੁਨਿਆਦੀ ਬਣਤਰ ਨੂੰ ਨਹੀਂ ਬਦਲ ਸਕਦੀ। ਇਸ ਤਰ੍ਹਾਂ ਸੰਵਿਧਾਨ ਅਨੁਸਾਰ ਸਾਡਾ ਦੇਸ਼ ਧਰਮ ਨਿਰਪੱਖ ਜਮਹੂਰੀਅਤ ਹੈ।ਇਸ ਲਈ ਆਰਐੱਸਐੱਸ, ਭਾਜਪਾ ਅਤੇ ਹਿੰਦੂ ਰਾਸ਼ਟਰ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਕਾਰਜਸ਼ੀਲ ਹੋਰ ਜਥੇਬੰਦੀਆਂ ਸਾਹਮਣੇ ਸਮੱਸਿਆ ਇਹ ਹੈ ਕਿ ਧਰਮ ਨਿਰਪੱਖ ਜਮਹੂਰੀਅਤ ਨੂੰ ਹਿੰਦੂ ਰਾਸ਼ਟਰ ਵਿਚ ਕਿਵੇਂ ਤਬਦੀਲ ਕੀਤਾ ਜਾਵੇ। ਸੰਵਿਧਾਨ ਨੇ ਸਾਨੂੰ ਤਿੰਨ ਪ੍ਰਮੁੱਖ ਸੰਸਥਾਵਾਂ ਦਿੱਤੀਆਂ ਹਨ: ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ। ਇਨ੍ਹਾਂ ਵਿਚ ਅਧਿਕਾਰਾਂ ਦੀ ਵੰਡ ਕੀਤੀ ਗਈ ਹੈ। ਵਿਧਾਨਪਾਲਿਕਾ ਵਿਚ ਵਿਧਾਨ ਸਭਾਵਾਂ, ਵਿਧਾਨ ਸਮਿਤੀਆਂ, ਲੋਕ ਸਭਾ ਅਤੇ ਰਾਜ ਸਭਾ ਵਿਚ ਲੋਕਾਂ ਦੇ ਸਿੱਧੇ ਤੇ ਅਸਿੱਧੇ ਰੂਪ ਵਿਚ ਚੁਣੇ ਗਏ ਨੁਮਾਇੰਦੇ ਆਉਂਦੇ ਹਨ ਅਤੇ ਕਾਰਜਪਾਲਿਕਾ ਤੋਂ ਮਤਲਬ ਇਨ੍ਹਾਂ ਨੁਮਾਇੰਦਿਆਂ ਰਾਹੀਂ

(ਬਾਕੀ ਸਫਾ ਬੀ20 ਤੇ)

## ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

## ਸਰਦਾਰਨੀ ਜਸਵੰਤ ਕੌਰ ਹੇਹਰ ਸਵਰਗਵਾਸ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਜਸਵੰਤ ਕੌਰ ਹੇਹਰ ਸੁਪਤਨੀ ਸ. ਦੀਦਾਰ ਸਿੰਘ ਹੇਹਰ (ਸੈਕਟਰੀ) ਜਿਹਨਾਂ ਦਾ ਪਿਛਲਾ ਪਿੰਡ ਫੇਰੂਰਾਂਈ ਜ਼ਿਲ੍ਹਾ ਲੁਧਿਆਣਾ ਅਤੇ ਪੇਕਾ ਪਿੰਡ ਦੀਵਾਨੇ ਜ਼ਿਲ੍ਹਾ ਬਰਨਾਲਾ ਸੀ, 3 ਮਾਰਚ ਨੂੰ ਅਕਾਲ ਚਲਾਣਾ ਕਰ ਗਏ ਹਨ।ਇਹਨਾਂ ਦਾ ਅੰਤਿਮ ਸਸਕਾਰ 19 ਮਾਰਚ ਦਿਨ ਐਤਵਾਰ ਨੂੰ ਰਿਵਰਸਾਈਡ ਫਿਊਨਰਲ ਹੋਮ ਐਂਡ ਕਰੈਮਿਟੋਰੀਅਮ (ਡੈਲਟਾ) ਵਿਖੇ ਸ਼ਾਮ 3 ਵਜੇ ਕੀਤਾ ਜਾਏਗਾ। ਇਸ ਉਪਰੰਤ ਅੰਤਿਮ ਅਰਦਾਸ ਅਤੇ ਸਹਿਜਪਾਠ ਦੇ ਭੋਗ ਗੁਰਦੁਆਰਾ ਸਿੰਘ ਸਭਾ ਸਰੀ 8115-132 ਸਟਰੀਟ ਸਰੀ ਵਿਖੇ ਸ਼ਾਮ 4.30 ਵਜੇ ਪਾਏ ਜਾਣਗੇ।

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ**

ਕਰਮਜੀਤ ਕੌਰ ਦਿਉਲ (ਸਪੁੱਤਰੀ):778-885-4005

ਰੁਪਿੰਦਰ ਸਿੰਘ ਦਿਓਲ (ਰੱਪਾ) (ਦਾਮਾਦ):236-632-1345


**LANGLEY BANQUET HALL**




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ

ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



**AMAYA LIVING**



**60 LUXURIOUS CONDOS**
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

**KITCHEN**
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

**BATHROOM**
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories **WARRANTY • 2-5-10 year**

**PH:778-885.6700**
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਮਿਲੋ ਤਾਂ ਇੰਜ ਮਿਲੋ

ਮਿਲੋ ਤਾਂ ਇੰਜ ਮਿਲੋ,
ਜਿਵੇਂ ਫੁੱਲਾਂ ਨੂੰ ਰੰਗ ਮਿਲਦੇ ਨੇ ।
ਰੰਗਾਂ ਨੂੰ ਖ਼ੁਸ਼ਬੂ,
ਤੇ ਖ਼ੁਸ਼ਬੂ ਨੂੰ ਅਹਿਸਾਸ ।

ਮਿਲੋ ਤਾਂ ਇੰਜ ਮਿਲੋ ।
ਜਿਵੇਂ ਤਪੰਦੜੀ ਧਰਤ ਨੂੰ,
ਪਾਣੀ ਮਿਲਦਾ ਹੈ ।
ਬਿਰਹਣ ਨੂੰ ਸੁਹਾਗ ।
ਸੁੱਚੇ ਕੰਠ ਨੂੰ ਰਾਗ ।

ਮਿਲੋ ਤਾਂ ਇੰਜ ਮਿਲੋ,
ਜਿਵੇਂ ਬਿਰਖ਼ ਨੂੰ ਪੌਣ ਮਿਲਦੀ ਹੈ ।
ਪੱਤਿਆਂ ਚੋਂ ਗੀਤ ਗਾਉਂਦੀ ਲੰਘਦੀ ।
ਹੱਦਾਂ ਸਰਹੱਦਾਂ ਤੋਂ ਆਰ ਪਾਰ ।

ਮਿਲੋ ਤਾਂ ਇੰਜ ਮਿਲੋ,
ਜਿਵੇਂ ਨਿੱਖੜੇ ਹੀ ਨਹੀਂ ਸਾਂ ਕਦੇ ।
ਸਾਹਾਂ 'ਚ ਘੁਲ਼ ਜਾਵੋ,
ਜਿਵੇਂ ਪਹਿਲੀ ਝਲਕ ।

ਮਿਲੋ ਤਾਂ ਇੰਜ ਮਿਲੋ,
ਜਿਵੇਂ ਰੂਪ ਦੀ ਦੁਪਹਿਰੇ,
ਦਰਸ-ਪਿਆਸੇ ਨੂੰ
ਅਚਨਚੇਤ ਸੱਜਣ ਮਿਲ ਪਵੇ ।

ਮਿਲੋ ਤਾਂ ਇੰਜ ਮਿਲੋ,
ਜਿਵੇਂ ਧੜਕਣ ਨੂੰ
ਹੌਕਾ ਮਿਲਦਾ ਹੈ ।
ਬੇ ਰੋਕ ਟੋਕ,
ਨੰਗੇ ਧੜ ਨਿਰਵਸਤਰ ਹੋ ਕੇ ।

ਮਿਲੋ ਤਾਂ ਇੰਜ ਮਿਲੋ,
ਕਿ ਵਕਤ ਠਹਿਰ ਜਾਵੇ ।
ਗੁੱਟ ਤੇ ਬੱਧੀਆਂ ਘੜੀਆਂ
ਦੁਸ਼ਮਣ ਜਾਪਣ ।

ਮਿਲੋ ਤਾਂ ਇੰਜ ਮਿਲੋ,
ਕਿ ਸਦੀਆਂ ਤੋਂ ਇਕੱਠੇ ਹਾਂ ।
ਨਾਲ ਨਾਲ ਤੁਰਦੇ,
ਹਮਕਦਮ ਹਮਰਾਜ਼ ।
ਇੱਕ ਸੁਰ ਇੱਕ ਆਵਾਜ਼ ।

ਮਿਲੋ ਤਾਂ ਇੰਜ ਮਿਲੋ,
ਜਿਵੇਂ ਸ਼ਾਮਾਂ ਢਲਦਿਆਂ,
ਧਰਤੀ ਨੂੰ ਆਸਮਾਨ ਮਿਲਦੈ ।
ਘੁਸਮੁਸੇ ਚ ਸੂਰਜ
ਅਸਤਦਾ ਹੈ,
ਸਵੇਰੇ ਫੇਰ ਮਿਲਣ ਵਾਂਗ ।



ਇਹ ਕਹਿੰਦਿਆਂ
ਹੁਣ ਜਾਣ ਦੇ
ਫਿਰ ਮਿਲਾਂਗੇ ।

**ਗੁਰਭਜਨ ਸਿੰਘ ਗਿੱਲ**

## ਅਪਾਹਜ ਦਰੱਖਤ

ਆ ਤੈਨੂੰ ਦੱਸਾਂ, ਕੀ ਮੇਰੇ ਨਾਲ ਬੀਤੀ,
ਕੀ ਤੇਰੀਆਂ ਨਸਲਾਂ, ਮੇਰੇ ਨਾਲ ਕੀਤੀ।

ਸਦੀਆਂ ਤੋਂ ਮੈਂ ਹਾਂ, ਤੇਰਾ ਰਖਵਾਲਾ,
ਪਰ ਅਫਸੋਸ ਕਿ ਤੂੰ, ਮੇਰੀ ਜਾਣੀ ਨਾ ਕੀਤੀ।

ਤੇਰੇ ਸਾਹਾਂ ਵਿੱਚ ਸਾਹ, ਸੀ ਮੇਰੇ ਹਮੇਸ਼ਾਂ,
ਪਰ ਤੂੰ ਮੇਰੀ ਸਾਹ ਰਗ, ਵੱਢਣ ਦੀ ਕੀਤੀ।

ਪਵਣ ਮੇਰਾ ਗੁਰੂ, 'ਤੇ ਪਾਣੀ ਪਿਤਾ ਸੀ,
ਪਲੀਤ ਜਿਸ ਨੂੰ ਕਰਨ ਦੀ, ਰਹੀ ਤੇਰੀ ਨੀਤੀ।

ਛਪੜੀ ਦੇ ਕੰਢੇ, ਮੈਂ ਖੁਸ਼ ਸਾਂ ਬੜਾ ਹੀ,
ਫੇਰ ਵੀ ਤੂੰ ਕੀਤੀ, ਮੇਰੇ ਨਾਲ ਵਧੀਕੀ।

ਸੁੱਕਾ 'ਤੇ ਰੁੱਖਾ, ਰਿਹਾ ਤੇਰਾ ਵਤੀਰਾ,
ਪਤਾ ਨਹੀਂ ਕੀ ਸੀ, ਤੇਰੀ ਮੇਰੀ ਸ਼ਰੀਕੀ।

ਮੁੱਕੇ ਨਾ ਲਾਲਚ, ਨਾ ਤੇਰੀਆਂ ਖਾਹਿਸ਼ਾਂ,
ਪਰ ਮੈਂ ਛੱਡੀ ਵਫਾ, ਨਾ ਮੈਂ ਛੱਡੀ ਸਲੀਕੀ।

ਰੱਬ ਕਰੇ ਵਸਦਾ, ਰਹੇ ਤੇਰਾ ਵਿਹੜਾ,
ਨਾ ਹੋਵੇ ਤੇਰੀ ਦਾਸਤਾਂ, ਸਮੇਂ ਦੀ ਬਾਤ ਬੀਤੀ।-
**ਰਵਿੰਦਰ ਸਿੰਘ ਕੁੰਦਰਾ**

## ਮੁਕਦੇ ਜਦੋਂ ਨੇ ਦੀਨ ਇਮਾਨ ਇੱਥੇ

ਗਸ਼ੀਆਂ ਪੈਣ ਮਨੁੱਖਤਾ ਲਵੇ ਹੌਕੇ,
ਮੁਕਦੇ ਜਦੋਂ ਨੇ ਦੀਨ ਇਮਾਨ ਇਥੇ।
ਅਕ੍ਰਿਤਘਣਾਂ ਦਾ ਧਰਤੀ ਭਾਰ ਮੰਨੇ,
ਪੈਦਾ ਹੁੰਦੇ ਨੇ ਜਦੋਂ ਬੇਈਮਾਨ ਇਥੇ।
ਤਾਨਾਸ਼ਾਹਾਂ ਦੀ ਸੌੜੀ ਅਕਲ ਕਰ ਕੇ,
ਬਣ ਜਾਂਦੇ ਨੇ ਕਬਰਿਸਤਾਨ ਇਥੇ।
ਸਦਾਚਾਰੀ ਜਦ ਦਾਤਾਂ ਨੂੰ ਛੱਡ ਜਾਂਦੇ,
ਦੁਰਾਚਾਰਾਂ 'ਚ ਗਰਕਣ ਜਵਾਨ ਇਥੇ।
ਮੁਟਿਆਰਾਂ ਫ਼ੈਸ਼ਨ ਦੀ ਤਕੜੀ ਤੁਲਦੀਆਂ ਨੇ,
ਖ਼ਤਮ ਕਰਨ ਰਿਵਾਜਾਂ ਦੀ ਸ਼ਾਨ ਇਥੇ।
ਵੇਖ ਵੇਖ ਕੇ ਧਰਤੀ ਵੀ ਮਾਰੇ ਭੁੱਬਾਂ,
ਸੱਚ ਬੋਲਣ ਨਾ ਜਦੋਂ ਵਿਦਵਾਨ ਇਥੇ।
ਉਦੋਂ ਰੂਹ ਇਤਿਹਾਸ ਦੀ ਕੰਬਦੀ ਹੈ,
ਖ਼ਤਮ ਕਰਨ ਜਦ ਪੁਰਾਣੇ ਨਿਸ਼ਾਨ ਇਥੇ।
ਰੱਬ ਕੇਰੇ 'ਅਸਮਾਨੀ' ਹੰਝੂਆਂ ਨੂੰ,
ਪਾੜੇ ਜਾਣ ਜਦ ਗੁਰੂ ਗ੍ਰੰਥ, ਕੁਰਾਨ ਇਥੇ।
**– ਜਸਵੰਤ ਸਿੰਘ ਅਸਮਾਨੀ**

## ਉਹ ਤੁਰ ਪ੍ਰਦੇਸ ਗਿਆ

**ਬੇਅੰਤ ਕੌਰ ਮੋਗਾ**

ਉਹ ਲੰਮਾ ਲੰਝਾ ਸੀ
ਉਹ ਵੰਝਾ ਵੰਝਾ ਸੀ,
ਉਹਦੀ ਤੋਰ ਨਿਰਾਲੀ ਸੀ
ਉਹਦੇ ਮੁੱਖ 'ਤੇ ਲਾਲੀ ਸੀ,
ਡਾਹਢਾ ਹੀ ਸੋਹਣਾ ਸੀ
ਮੋਰਾਂ ਜਿਹਾ ਮੋਹਣਾ ਸੀ,
ਬਹੁਤਾ ਹੀ ਜੱਚਦਾ ਸੀ
ਮੁੱਛਾਂ ਵਿੱਚ ਹੱਸਦਾ ਸੀ,
ਖੇਤਾਂ ਦਾ ਰਾਜਾ ਸੀ
ਰੁੱਤਾਂ ਜਿਹਾ ਤਾਜ਼ਾ ਸੀ,
ਉਹਦੇ ਵਾਲ ਸੁਨਹਿਰੀ ਸੀ
ਉਹਦੀ ਕਮਰ ਇਕਹਿਰੀ ਸੀ,
ਸ਼ਰਮੀਲਾ ਜਿਹਾ ਲਗਦਾ ਸੀ
ਬਾਬੁਲ ਨਾਲ ਵਗਦਾ ਸੀ,
ਦਿਲ ਦਾ ਜਿਉਂ ਹੀਰਾ ਸੀ
ਭੈਣਾਂ ਦਾ ਵੀਰਾ ਸੀ,
ਭਲੀ ਕੁੱਖ ਦਾ ਜਾਇਆ ਸੀ
ਤਾਹੀਂਓ ਮਨ ਨੂੰ ਭਾਇਆ ਸੀ,
ਟੇਢਾ ਜਿਹਾ ਤੱਕਦਾ ਸੀ
ਦਿਲ ਮੇਰਾ ਹੱਸਦਾ ਸੀ,
ਉਹਦੇ ਡੌਲੀਂ ਹਰਕਤ ਸੀ
ਤੋਰਾਂ ਵਿੱਚ ਬਰਕਤ ਸੀ ,
ਉਹ ਪਿਆਰਾ ਪਿਆਰਾ ਸੀ
ਜਿਉਂ ਅੰਬਰ ਦਾ ਤਾਰਾ ਸੀ,
ਪਰਬਤ ਝਰਨੇ ਜਿਹਾ ਸੀ
ਸਾਵਣ ਠਰਨੇ ਜੇਹਾ ਸੀ,
ਚਿੱਟਾ ਦੁੱਧ ਦੰਦਾਸਾ ਸੀ
ਨੂਰੀ ਜਿਹਾ ਹਾਸਾ ਸੀ,
ਉਹਦੀ ਚੁੱਪ ਵੀ ਗਾਉਂਦੀ ਸੀ
ਰੁੱਖਾਂ ਨਾਲ ਬਾਤਾਂ ਪਾਉਂਦੀ ਸੀ
ਕਲੀਆਂ ਮੁਰਝਾਈਆਂ ਨੇ
ਛਾਵਾਂ ਕੁਰਲਾਈਆਂ ਨੇ,
ਸੁੰਨਾ ਜਿਹਾ ਦੇਸ ਪਿਆ
ਉਹ ਤੁਰ ਪ੍ਰਦੇਸ ਗਿਆ।

## ਕਵਿਤਾ

ਜੀਹਦੇ ਹੱਥ ਲੱਠ ਹੈ
ਓਹਦੇ ਨਾਲ਼ ਕੱਠ ਹੈ
ਪੜ੍ਹ ਲਿਖ ਲਿਆ ਬਹੁਤ ਹੁਣ
ਹੁਣ ਤਾਂ ਰਾਜ ਹੱਠ ਹੈ
ਗਿਆਨ ਦੀ ਹੁਣ ਲੋੜ ਨਹੀਂ
ਬਲਣ ਲੱਗਾ ਭੱਠ ਹੈ
ਚੁੱਪ ਹੋਣਾ ਚੰਗਾ ਹੈ
ਕਾਹਨੂੰ ਖੋਲ੍ਹੀ ਗੱਠ ਹੈ
ਸਖ਼ਤ ਹੋਇਆ ਵਕਤ ਵੀ
ਵਦਾਣ ਕਰਮੱਠ ਹੈ।
ਗੁਰੂ ਕਾ ਵਦਾਣ ਹੈ
ਓਥੇ ਕਿਹੜੀ ਕਾਣ ਹੈ
ਆਨ ਦਾ ਧਿਆਨ ਹੈ
ਸਿਰੀਂ ਸ਼ਮਸ਼ਾਨ ਹੈ
ਸਖ਼ਤ ਇਮਤਿਹਾਨ ਹੈ
ਸਾਹਮਣੇ ਮੈਦਾਨ ਹੈ
ਬੜਾ ਬਲਵਾਨ ਹੈ
ਸੂਰਮਾ ਮਹਾਨ ਹੈ
ਆਗਿਆ ਜਗਾਣ ਹੈ
ਆਪਾ ਕੁਰਬਾਨ ਹੈ
ਏਹੀ ਓਹਦਾ ਗਿਆਨ
ਭਗਤੀ ਧਿਆਨ ਹੈ
ਸ਼ਕਤੀ ਬਿਆਨ ਹੈ
ਆਇਆ ਜਿਉਂ ਤੂਫ਼ਾਨ ਹੈ
ਜੁਰਤਾਂ ਜਗਾਣ ਹੈ
ਕੋਲ਼ ਕਿਰਪਾਨ ਹੈ
ਗੁਰੂ ਕਾ ਨਿਸ਼ਾਨ ਹੈ
ਏਹੀ ਪਹਿਚਾਨ ਹੈ
ਦੁਨੀਆਂ ਹੈਰਾਨ ਹੈ।- **ਗੁਰਜਿੰਦਰ ਸਿੰਘ ਰਸੀਆ**


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"

*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

(ਸਫਾ ਬੀ18 ਦੀ ਬਾਕੀ)

ਬਣੀਆਂ ਸਰਕਾਰਾਂ ਹਨ। ਕਾਰਜਪਾਲਿਕਾ/ਸਰਕਾਰਾਂ ਵਿਧਾਨਪਾਲਿਕਾ ਪ੍ਰਤੀ ਜਵਾਬਦੇਹ ਹਨ। ਸੰਵਿਧਾਨ ਨੇ ਨਿਆਂਪਾਲਿਕਾ ਅਤੇ ਖ਼ਾਸ ਕਰਕੇ ਸੁਪਰੀਮ ਕੋਰਟ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ ਕਿ ਦੇਸ਼ ਦੇ ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰੇ ਤੇ ਇਹ ਯਕੀਨੀ ਬਣਾਏ ਕਿ ਵਿਧਾਨਪਾਲਿਕਾ ਕੋਈ ਅਜਿਹੇ ਕਾਨੂੰਨ ਨਾ ਬਣਾਏ ਅਤੇ ਕਾਰਜਪਾਲਿਕਾ ਅਜਿਹੇ ਫ਼ੈਸਲੇ ਨਾ ਕਰੇ ਜੋ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਅਨੁਸਾਰ ਨਾ ਹੋਣ।

ਭਾਜਪਾ ਨੇ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿਚ ਅਜ਼ੀਮ ਸਫ਼ਲਤਾ ਹਾਸਲ ਕੀਤੀ ਹੈ। ਲੋਕ ਸਭਾ ਵਿਚ ਉਸ ਦੇ 303 ਮੈਂਬਰ ਹਨ; ਉਹ ਦੇਸ਼ ਦੇ ਵੱਡੀ ਗਿਣਤੀ ਸੂਬਿਆਂ ਵਿਚ ਸੱਤਾਧਾਰੀ ਜਾਂ ਸੱਤਾ ਵਿਚ ਭਾਈਵਾਲ ਹੈ। ਉਸ ਦੇ ਆਗੂ ਨਿੱਤ ਹਿੰਦੂ ਰਾਸ਼ਟਰ ਦਾ ਸਿੱਧੇ-ਅਸਿੱਧੇ ਰੂਪ ਵਿਚ ਪ੍ਰਚਾਰ ਕਰਦੇ ਹਨ ਤੇ ਇਸ ਤਰ੍ਹਾਂ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿਚ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਦਾ ਗੁਣ-ਗਾਣ ਕਰਨਾ ਕੋਈ ਵੱਡੀ ਸਮੱਸਿਆ ਨਹੀਂ ਹੈ। ਹੁਣ ਬਚਦੀ ਹੈ ਨਿਆਂਪਾਲਿਕਾ। ਸੰਵਿਧਾਨ ਅਨੁਸਾਰ ਨਿਆਂਪਾਲਿਕਾ ਧਰਮ ਨਿਰਪੱਖਤਾ ਦੇ ਸਿਧਾਂਤ 'ਤੇ ਪਹਿਰਾ ਦੇਣ ਲਈ ਪ੍ਰਤੀਬੱਧ ਹੈ। ਹਿੰਦੂ ਰਾਸ਼ਟਰ ਦਾ ਸਿਧਾਂਤ ਦੇਣ ਵਾਲਿਆਂ ਦੀ ਸਮੱਸਿਆ ਇਹ ਹੈ ਕਿ ਨਿਆਂਪਾਲਿਕਾ ਵਿਚ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਕਮਜ਼ੋਰ ਕਰ ਕੇ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਨੂੰ ਮਜ਼ਬੂਤ ਕਿਵੇਂ ਕੀਤਾ ਜਾਵੇ। ਭਾਜਪਾ ਜਿਹੀ ਸ਼ਕਤੀਸ਼ਾਲੀ ਸਿਆਸੀ ਜਮਾਤ ਇਹ ਕਾਰਜ ਕਰ ਵੀ ਰਹੀ ਹੈ। ਕੇਂਦਰ ਸਰਕਾਰ ਅਤੇ ਸੁਪਰੀਮ ਕੋਰਟ ਵਿਚਕਾਰ ਹਾਈ ਕੋਰਟਾਂ ਤੇ ਸੁਪਰੀਮ ਕੋਰਟ ਦੇ ਜੱਜਾਂ ਦੀਆਂ ਨਿਯੁਕਤੀਆਂ ਦੇ ਮੁੱਦੇ ਹੋ ਰਹੇ ਟਕਰਾਅ ਨੂੰ ਇਸੇ ਸੰਦਰਭ ਵਿਚ ਦੇਖਿਆ ਜਾ ਸਕਦਾ ਹੈ।

ਭਾਜਪਾ ਇਸ ਕਾਰਜ ਵਿਚ ਸਫ਼ਲ ਵੀ ਹੋ ਰਹੀ ਹੈ। ਕਿਵੇਂ? ਇਸ ਦਾ ਉੱਤਰ ਉੱਘੇ ਕਾਨੂੰਨਦਾਨ ਡਾ. ਮੋਹਨ ਗੋਪਾਲ ਨੇ ਆਪਣੇ ਭਾਸ਼ਣ 'ਜੱਜਾਂ ਦੀ ਨਿਯੁਕਤੀ ਵਿਚ ਸਰਕਾਰੀ ਦਖ਼ਲ' ਵਿਚ ਦਿੱਤਾ ਹੈ। ਇਹ ਭਾਸ਼ਣ 'ਨਿਆਂਪਾਲਿਕਾ ਦੀ ਜਵਾਬਦੇਹੀ ਅਤੇ ਸੁਧਾਰਾਂ ਲਈ ਮੁਹਿੰਮ' ਨਾਮ ਦੀ ਸੰਸਥਾ ਦੁਆਰਾ ਕੀਤੇ ਗਏ ਸੈਮੀਨਾਰ ਮੌਕੇ ਦਿੱਤਾ ਗਿਆ।

ਡਾ. ਮੋਹਨ ਗੋਪਾਲ ਨੇ ਦੱਸਿਆ ਕਿ ਮਨਮੋਹਨ ਸਿੰਘ ਦੀ ਸਰਕਾਰ (ਯੂਪੀਏ) ਅਤੇ ਨਰਿੰਦਰ ਮੋਦੀ ਦੀ ਸਰਕਾਰ (ਐੱਨਡੀਏ) ਦੇ ਹੁਣ ਤਕ ਦੇ ਕਾਰਜਕਾਲ ਵਿਚ 111 ਜੱਜਾਂ ਦੀ ਨਿਯੁਕਤੀ ਕੀਤੀ ਗਈ ਹੈ (56 ਮਨਮੋਹਨ ਸਿੰਘ ਸਰਕਾਰ ਅਤੇ 55 ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ)। ਉਸ ਨੇ ਆਪਣੇ ਭਾਸ਼ਣ ਵਿਚ ਇਹ ਪ੍ਰਮੁੱਖ ਸਵਾਲ ਉਠਾਇਆ ਹੈ ਕਿ ''ਕਿੰਨੇ ਜੱਜ ਸੰਵਿਧਾਨ ਤੋਂ ਬਾਹਰ ਦੇ ਸਰੋਤਾਂ ਪ੍ਰਤੀ ਪ੍ਰਤੀਬੱਧ ਹਨ ਅਤੇ ਸਨਾਤਨ ਧਰਮ ਜਾਂ ਵੇਦਾਂ ਜਾਂ ਪੁਰਾਤਨ ਭਾਰਤੀ ਕਾਨੂੰਨੀ ਅਸੂਲਾਂ ਨੂੰ ਆਪਣੇ ਫ਼ੈਸਲਿਆਂ ਦਾ ਆਧਾਰ ਬਣਾਉਂਦੇ ਹਨ?'' ਡਾ. ਮੋਹਨ ਗੋਪਾਲ ਅਨੁਸਾਰ ਯੂਪੀਏ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਜੱਜਾਂ ਵਿਚ ਅਜਿਹਾ ਕੋਈ ਨਹੀਂ ਸੀ; ਉਨ੍ਹਾਂ ਦੇ ਕੰਮ, ਲਿਖ਼ਤਾਂ, ਫ਼ੈਸਲਿਆਂ ਆਦਿ ਵਿਚੋਂ ਕੋਈ ਅਜਿਹਾ ਸਬੂਤ ਨਹੀਂ ਮਿਲਦਾ। ਡਾ. ਗੋਪਾਲ ਨੇ ਕਿਹਾ, ''ਐੱਨਡੀਏ ਦੇ ਸੱਤਾ ਵਿਚ ਆਉਣ ਤੋਂ ਬਾਅਦ ਨੌਂ ਅਜਿਹੇ ਜੱਜ ਹਨ ਜਿਨ੍ਹਾਂ ਵਿਚੋਂ ਪੰਜ ਅਜੇ ਵੀ ਬੈਂਚ 'ਤੇ ਹਨ (ਭਾਵ ਜੱਜ ਹਨ)। ਮੈਂ ਉਨ੍ਹਾਂ ਦੇ ਨਾਂ ਨਹੀਂ ਲਵਾਂਗਾ ਪਰ ਉਨ੍ਹਾਂ ਨੇ ਆਪਣੇ ਫ਼ੈਸਲਿਆਂ ਵਿਚ ਬਹੁਤ ਸਪੱਸ਼ਟਤਾ ਨਾਲ ਇਹ ਸੰਕੇਤ ਦਿੱਤੇ ਹਨ ਕਿ ਉਹ (ਫ਼ੈਸਲੇ ਕਰਨ ਲਈ) ਸੰਵਿਧਾਨ ਤੋਂ ਬਾਹਰ (ਦੇ ਸਰੋਤਾਂ ਵੱਲ) ਦੇਖ ਰਹੇ ਹਨ।'' ਉਸ ਨੇ ਚਿਤਾਵਨੀ ਦਿੱਤੀ, ''ਇਨ੍ਹਾਂ ਰਵਾਇਤਪਸੰਦ, ਧਰਮਬੱਧ/ਧਰਮ-ਤੰਤਰੀ ਜੱਜਾਂ ਜਿਹੜੇ ਕਾਨੂੰਨ ਨੂੰ ਧਰਮ 'ਚੋਂ ਤਲਾਸ਼ ਕਰਦੇ ਹਨ, ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ।''

ਡਾ. ਮੋਹਨ ਗੋਪਾਲ ਨੇ ਕਿਹਾ ਕਿ ਪਹਿਲੇ ਪੜਾਅ ਵਿਚ ਅਜਿਹੇ ਜੱਜ ਨਿਯੁਕਤ ਕੀਤੇ ਜਾਣਗੇ ਜਿਹੜੇ ਸੰਵਿਧਾਨ ਤੋਂ ਬਾਹਰਲੇ ਧਾਰਮਿਕ ਸਰੋਤਾਂ ਤੋਂ ਸਿਰਫ਼ ਪ੍ਰੇਰਨਾ ਲੈਂਦੇ ਹਨ। ਦੂਸਰੇ ਪੜਾਅ, ਜਿਹੜਾ ਹੁਣ ਸ਼ੁਰੂ ਹੋਵੇਗਾ, ਵਿਚ ਅਜਿਹੇ ਜੱਜ ਨਿਯੁਕਤ ਕੀਤੇ ਜਾਣਗੇ ਜਿਹੜੇ (ਧਾਰਮਿਕ) ਸਰੋਤਾਂ ਪ੍ਰਤੀ ਵਚਨਬੱਧ ਹੋਣਗੇ।'' ਡਾ. ਗੋਪਾਲ ਦੇ ਭਾਸ਼ਣ ਦਾ ਸਾਰ ਇਹ ਸੀ ਕਿ ਅਜਿਹੇ ਜੱਜ ਮੌਜੂਦਾ ਸੰਵਿਧਾਨ ਦੀ ਪੁਨਰ-ਵਿਆਖਿਆ ਕਰ ਕੇ ਦੇਸ਼ ਨੂੰ ਇਕ ਹਿੰਦੂ ਰਾਸ਼ਟਰ ਵਿਚ ਬਦਲ ਦੇਣਗੇ। ਉਸ ਨੇ ਇਹ ਨਿਚੋੜ ਕੱਢਿਆ, ''ਇਸ ਲਈ ਇਹ ਸਭ ਕੁਝ ਕਰਨ ਪਿੱਛੇ ਇਹ ਵਿਚਾਰ ਕੰਮ ਕਰ ਰਿਹਾ ਹੈ ਕਿ ਨਿਆਂਪਾਲਿਕਾ ਨੂੰ ਉਧਾਲ ਕੇ ਹਿੰਦੂ ਰਾਸ਼ਟਰ ਕਾਇਮ ਕੀਤਾ ਜਾਵੇ।'' ਡਾ. ਗੋਪਾਲ ਨੇ ਕਿਹਾ ਕਿ ਇਸੇ ਕਾਰਨ ਉਹ ਨਹੀਂ ਚਾਹੁੰਦੇ ਕਿ ਜੱਜਾਂ ਦੀ ਨਿਯੁਕਤੀ ਕਰਨ ਵਿਚ ਕਿਸੇ ਮੰਤਰੀ (ਭਾਵ ਸਰਕਾਰ) ਦਾ ਦਖ਼ਲ ਹੋਵੇ। ਉਸ ਨੇ ਜ਼ੋਰ ਦਿੱਤਾ ਕਿ ਜੱਜਾਂ ਨੂੰ ਸਿਰਫ਼ ਸੰਵਿਧਾਨ ਅਨੁਸਾਰ ਕੰਮ ਕਰਨਾ ਚਾਹੀਦਾ ਹੈ, ਹੋਰ ਕਿਸੇ ਗਿਆਨ-ਸਰੋਤ ਅਨੁਸਾਰ ਨਹੀਂ। ਸਪੱਸ਼ਟ ਹੈ ਕਿ ਜੇ ਨਿਆਂਪਾਲਿਕਾ ਧਰਮ ਆਧਾਰਿਤ ਸਰੋਤਾਂ ਅਨੁਸਾਰ ਕੰਮ ਕਰਨ ਲੱਗ ਪਈ ਤਾਂ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਹੌਲੀ ਹੌਲੀ ਦਫ਼ਨ ਕਰ ਦਿੱਤਾ ਜਾਵੇਗਾ।

ਉਪਰੋਕਤ ਭਾਸ਼ਣ ਦੇਣ ਵਾਲਾ ਡਾ. ਮੋਹਨ ਗੋਪਾਲ ਕੌਣ ਹੈ: ਉਹ ਨੈਸ਼ਨਲ ਲਾਅ ਸਕੂਲ ਬੰਗਲੌਰ ਦਾ ਵਾਈਸ-ਚਾਂਸਲਰ ਰਿਹਾ। ਉਹ ਨੈਸ਼ਨਲ ਜੁਡੀਸ਼ੀਅਲ ਅਕੈਡਮੀ ਭੋਪਾਲ ਦਾ ਡਾਇਰੈਕਟਰ ਵੀ ਰਿਹਾ ਹੈ ਅਤੇ ਵਿਸ਼ਵ ਬੈਂਕ ਸੇਬੀ ਤੇ ਹੋਰ ਸੰਸਥਾਵਾਂ ਨਾਲ ਸਬੰਧਿਤ ਵੀ। 2006 ਤੋਂ 2011 ਤਕ ਉਹ ਸੁਪਰੀਮ ਕੋਰਟ ਦੀ 'ਨੈਸ਼ਨਲ ਜੁਡੀਸ਼ੀਅਲ ਅਕੈਡਮੀ ਦਾ ਡਾਇਰੈਕਟਰ ਰਿਹਾ ਅਤੇ 2012 ਤੋਂ 2019 ਤਕ ਸੁਪਰੀਮ ਕੋਰਟ ਦੀ 'ਨੈਸ਼ਨਲ ਕੋਰਟ ਮੈਨੇਜਮੈਂਟ ਸਿਸਟਮ ਕਮੇਟੀ' ਦਾ ਮੁਖੀ। ਕੀ ਉਸ ਦੀ ਦਿੱਤੀ ਚਿਤਾਵਨੀ ਸਹੀ ਹੈ ਜਾਂ ਗ਼ਲਤ?

ਪ੍ਰਮੁੱਖ ਸਵਾਲ ਇਹ ਹੈ ਕਿ ਅਜਿਹੇ ਨਾਮਵਰ ਕਾਨੂੰਨਦਾਨ ਦੇ ਭਾਸ਼ਣ ਬਾਰੇ ਕੋਈ ਬਹਿਸ ਕਿਉਂ ਨਹੀਂ ਹੋ ਰਹੀ; ਟੈਲੀਵਿਜ਼ਨ ਚੈਨਲਾਂ, ਅਖ਼ਬਾਰ, ਸੋਸ਼ਲ ਮੀਡੀਆ ਇਸ ਬਾਰੇ ਚੁੱਪ ਕਿਉਂ ਹਨ? ਸੱਜੇ-ਪੱਖੀ ਅੰਧ-ਰਾਸ਼ਟਰਵਾਦੀ ਉਸ 'ਤੇ ਹਮਲਾ ਕਿਉਂ ਨਹੀਂ ਕਰ ਰਹੇ? ਸ਼ਾਇਦ ਇਸ ਲਈ ਕਿ ਉਹ ਸਟੀਕ ਪ੍ਰਸ਼ਨਾਂ ਦਾ ਜਵਾਬ ਨਹੀਂ ਦੇਣਾ ਚਾਹੁੰਦੇ; ਉਹ ਇਹ ਚਾਹੁੰਦੇ ਹਨ ਕਿ ਇਸ ਭਾਸ਼ਣ ਨੂੰ ਅਣਗੌਲਿਆ ਕਰ ਦਿੱਤਾ ਜਾਵੇ ਅਤੇ ਆਪਣਾ ਕਾਰਜ ਜਾਰੀ ਰੱਖਿਆ ਜਾਵੇ। ਖੱਬੇ-ਪੱਖੀ ਅਤੇ ਉਦਾਰਵਾਦੀ ਇਸ ਭਾਸ਼ਣ 'ਤੇ ਚਰਚਾ ਕਿਉਂ ਨਹੀਂ ਕਰ ਰਹੇ? ਸ਼ਾਇਦ ਇਸ ਲਈ ਕਿ ਧਰਮ ਬਾਰੇ ਚਰਚਾ ਕਰਨ ਨਾਲ ਵੋਟਾਂ ਦਾ ਨੁਕਸਾਨ ਹੁੰਦਾ ਹੈ। ਸੰਵਿਧਾਨ ਦੀ ਪੁਨਰ-ਵਿਆਖਿਆ ਰਾਹੀਂ ਹਿੰਦੂ ਰਾਸ਼ਟਰ ਦੇ ਸਿਧਾਂਤ ਨੂੰ ਮੌਜੂਦਾ ਰਾਜ-ਪ੍ਰਬੰਧ ਵਿਚ ਤਬਦੀਲੀ ਲਿਆਏ ਬਗ਼ੈਰ ਸਥਾਪਿਤ ਕਰਨ ਦੇ ਜਿਸ ਵਰਤਾਰੇ 'ਤੇ ਡਾ. ਮੋਹਨ ਗੋਪਾਲ ਨੇ ਉਂਗਲ ਧਰੀ ਹੈ, ਉਹ ਬਹੁਤ ਗੰਭੀਰ ਹੈ। ਜਮਹੂਰੀ ਤਾਕਤਾਂ ਨੂੰ ਕਈ ਮੁਹਾਜ਼ਾਂ 'ਤੇ ਲੜਨਾ ਪੈਣਾ ਹੈ। ਇਸ ਮੁਹਾਜ਼ 'ਤੇ ਹੋਣ ਵਾਲੀ ਲੜਾਈ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਵਾਸਤੇ ਡਾ. ਮੋਹਨ ਗੋਪਾਲ ਜਿਹੀਆਂ ਹੋਰ ਮਜ਼ਬੂਤ ਅਤੇ ਨਿਰਭਉ ਆਵਾਜ਼ਾਂ ਨੂੰ ਇਕੱਠੇ ਹੋਣ ਅਤੇ ਇਕੱਠੀਆਂ ਕਰਨ ਦੀ ਜ਼ਰੂਰਤ ਹੈ। ਇਹ ਕੰਮ ਜਮਹੂਰੀ ਤਾਕਤਾਂ ਦੇ ਵਿਆਪਕ ਏਕੇ ਬਿਨਾਂ ਸੰਭਵ ਨਹੀਂ ਹੈ।

# ਐੱਨ. ਆਰ. ਆਈਜ਼ ਲਈ ਚੰਗੀ ਖ਼ਬਰ

ਚੰਡੀਗੜ੍ਹ:ਐੱਨ. ਆਰ. ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਾਰੇ ਪ੍ਰਵਾਸੀ ਪੰਜਾਬੀਆਂ ਨੂੰ ਭਰੋਸਾ ਦਿਵਾਇਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹਰੇਕ ਪ੍ਰਵਾਸੀ ਪੰਜਾਬੀ ਦੀ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਪ੍ਰਵਾਸੀ ਪੰਜਾਬੀ ਨੂੰ ਜੇਕਰ ਪੰਜਾਬ ਵਿਚ ਕਿਸੇ ਮੁਸੀਬਤ ਜਾਂ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਉਹ ਬੇਝਿੱਜਕ ਆਪਣੀ ਸ਼ਿਕਾਇਤ ਦਰਜ ਕਰਵਾਵੇ। ਹਰੇਕ ਸਮੱਸਿਆ ਦਾ ਹੱਲ ਸਮਾਂਬੱਧ ਤਰੀਕੇ ਨਾਲ ਕੱਢਿਆ ਜਾਵੇਗਾ।ੱਜ ਉਨ੍ਹਾਂ ਚੰਡੀਗੜ੍ਹ ਸਥਿਤ ਐੱਨ. ਆਰ. ਆਈ ਕੰਟਰੋਲ ਰੂਮ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਐੱਨ.ਆਰ.ਆਈ ਵਿਭਾਗ ਦੇ ਪ੍ਰਮੁੱਖ ਸਕੱਤਰ ਜੇ. ਬਾਲਾਮੁਰਗਨ ਅਤੇ ਏ. ਡੀ. ਜੀ. ਪੀ., ਐੱਨ.ਆਰ.ਆਈ ਮਾਮਲੇ, ਪੰਜਾਬ ਪੁਲਸ ਪ੍ਰਵੀਨ ਕੁਮਾਰ ਸਿਨ੍ਹਾ ਵੀ ਹਾਜ਼ਰ ਸਨ। ਧਾਲੀਵਾਲ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀ ਆਪਣੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਵੱਟਸਐਪ ਨੰਬਰ 93093-88088 'ਤੇ ਦਰਜ ਕਰਵਾ ਸਕਦੇ ਹਨ। ਦਰਜ ਹੋਈ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਸ਼ਿਕਾਇਤ ਨੂੰ ਸਬੰਧਤ ਵਿਭਾਗ ਜਾਂ ਅਫਸਰ ਨੂੰ ਭੇਜ ਦਿੱਤਾ ਜਾਂਦਾ ਹੈ। ਸ਼ਿਕਾਇਤ ਦਾ ਫਾਲੋਅੱਪ ਵੀ ਕੀਤਾ ਜਾਂਦਾ ਹੈ ਅਤੇ ਸ਼ਿਕਾਇਤਕਰਤਾ ਤੋਂ ਉਸਦੀ ਫੀਡਬੈਕ ਵੀ ਪ੍ਰਾਪਤ ਕੀਤੀ ਜਾਂਦੀ ਹੈ।

# ਸਿੱਖ ਪੰਚਾਇਤ ਦੀ ਗੁਰਦੂਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿੱਚ ਵੱਡੀ ਜਿੱਤ

ਫਰੀਮਾਂਟ: ਗੁਰਦੂਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿੱਚ ਇਸ ਵਾਰ ਫੇਰ ਸਿੱਖ ਪੰਚਾਇਤ ਵੱਡੇ ਫਰਕ ਨਾਲ ਸੰਗਤ ਦਾ ਫ਼ਤਵਾ ਲੈਣ ਵਿੱਚ ਕਾਮਯਾਬ ਰਹੀ ਹੈ, ਉਹਨਾਂ ਨੂੰ 2825 ਅਤੇ ਸਿੱਖ ਸੰਗਤ ਬੇਏਰੀਆ ਨੂੰ 1499 ਵੋਟਾਂ ਪਈਆਂ ਹਨ। ਸਿੱਖ ਪੰਚਾਇਤ ਦੇ ਭਾਈ ਕਸ਼ਮੀਰ ਸਿੰਘ ਅਤੇ ਹਰਿੰਦਰਪਾਲ ਸਿੰਘ ਨੇ ਸੰਗਤ ਨੂੰ ਵਧਾਈ ਦਿੰਦੇ ਹੋਏ ਧੰਨਵਾਦ ਵੀ ਕੀਤਾ ਹੈ ਅਤੇ ਕਿਹਾ ਕਿ ਸਾਡੇ ਵੱਲੋਂ ਸਿੱਖ ਪੰਚਾਇਤ ਬਨਣ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਲਏ ਫੈਸਲਿਆਂ ਦੀ ਲਗਾਤਾਰ ਜਿੱਤ ਹੋ ਰਹੀ ਹੈ। ਉਹਨਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸੰਗਤ ਨੇ ਚੋਣਾਂ ਵਿੱਚ ਭੰਡੀ ਪ੍ਰਚਾਰ ਦੀ ਨੀਤੀ ਨੂੰ ਨਕਾਰ ਕੇ ਸੇਵਾ ਭਾਵਨਾ ਅਤੇ ਸਿਧਾਂਤ ਨੂੰ ਮੁੱਖ ਰੱਖਿਆ ਹੈ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ — ਪੰਥ ਕੀ ਜੀਤ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

18 ਮਾਰਚ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਤੇਜਪਾਲ ਸਿੰਘ ਕੈਲੇ ਅਤੇ ਪਰਿਵਾਰ ਵਲੋਂ ਹੋਵੇਗੀ।
19 ਮਾਰਚ, ਦਿਨ ਐਤਵਾਰ........ਸਵੇਰ ਨੂੰ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੋਤੀ ਜੋਤ ਦਿਹਾੜਾ ਮਨਾਇਆ ਜਾਵੇਗਾ।
19 ਮਾਰਚ, ਦਿਨ ਐਤਵਾਰ........ਸਵੇਰ ਨੂੰ ਲੰਗਰ ਦੀ ਸੇਵਾ ਭਾਈ ਬਲਰਾਜ ਸਿੰਘ ਭੱਠਲ ਅਤੇ ਪਰਿਵਾਰ ਵਲੋਂ ਹੋਵੇਗੀ।
19 ਮਾਰਚ, ਦਿਨ ਐਤਵਾਰ........ਸਵੇਰੇ 12:30 ਵਜੇ ਸਵ. ਬੀਬੀ ਰਜ਼ਪਾਲ ਕੌਰ ਮਾਹਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
19 ਮਾਰਚ, ਦਿਨ ਐਤਵਾਰ........ਬਾਅਦ ਦੁਪਹਿਰ 2:30 ਵਜੇ ਸਵਰਗਵਾਸੀ ਬੀਬੀ ਦਲਬੀਰ ਕੌਰ ਮੌਲ੍ਹੀ ਦੀ ਆਤਮਿਕ ਸ਼ਾਂਤੀ ਲਈ ਅਰੰਭ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
19 ਮਾਰਚ, ਦਿਨ ਐਤਵਾਰ........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਮਰਜੀਤ ਸਿੰਘ ਖੱਖ ਅਤੇ ਪਰਿਵਾਰ ਵਲੋਂ ਹੋਵੇਗੀ।
19 ਮਾਰਚ, ਦਿਨ ਐਤਵਾਰ........ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਸੰਜੂ ਮਿਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।
24 ਮਾਰਚ, ਦਿਨ ਸ਼ੁੱਕਰਵਾਰ.......ਸਵੇਰੇ 10:00 ਵਜੇ ਭਾਈ ਤਰਲੋਚਨ ਸਿੰਘ ਪਰਹਾਰ ਅਤੇ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਸ ਦੇ ਭੋਗ 26 ਮਾਰਚ, ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ, ਉਪਰੰਤ ਦੀਵਾਨ ਸਜਣਗੇ।
24 ਮਾਰਚ, ਦਿਨ ਸ਼ੁੱਕਰਵਾਰ.......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
24 ਮਾਰਚ, ਦਿਨ ਸ਼ੁੱਕਰਵਾਰ.......ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਪਰਮਜੀਤ ਸਿੰਘ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।
25 ਮਾਰਚ, ਦਿਨ ਸ਼ਨਿੱਚਰਵਾਰ....ਸਵੇਰੇ ਨੂੰ ਦੋ ਅਨੰਦ ਕਾਰਜ ਹੋਣਗੇ।
25 ਮਾਰਚ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਕਾਸ਼ ਸਿੰਘ ਰਤਨ ਅਤੇ ਪਰਿਵਾਰ ਵਲੋਂ ਹੋਵੇਗੀ।
25 ਮਾਰਚ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸੁਨੀਲ ਸਿੰਘ ਦੁਸਾਂਝ ਅਤੇ ਪਰਿਵਾਰ ਵਲੋਂ ਹੋਵੇਗੀ।
26 ਮਾਰਚ ਦਿਨ ਐਤਵਾਰ.........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਮਰੀਕ ਸਿੰਘ ਕੂਨਰ ਤੇ ਪਰਿਵਾਰ ਵਲੋਂ ਹੋਵੇਗੀ।
31 ਮਾਰਚ, ਦਿਨ ਸ਼ੁੱਕਰਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਗੁਰਮੀਤ ਸਿੰਘ ਸਮਰਾ ਦੇ ਪਰਿਵਾਰ ਵਲੋਂ ਹੋਵੇਗੀ।

ਅੰਮ੍ਰਿਤ ਸੰਚਾਰ

15 ਅਪ੍ਰੈਲ 2023, ਦਿਨ ਸ਼ਨਿੱਚਰਵਾਰ
ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ। ਅੰਮ੍ਰਿਤ ਅਭਿਲਾਖੀ ਆਪਣੇ ਨਾਮ ਪ੍ਰਬੰਧਕਾਂ ਪਾਸ ਦਰਜ ਕਰਵਾਉਣ ਦੀ ਕਿਰਪਾਲਤਾ ਕਰਨ ਜੀ। ਧੰਨਵਾਦੀ ਹੋਵਾਂਗੇ।
16 ਅਪ੍ਰੈਲ 2023, ਦਿਨ ਐਤਵਾਰ
ਸ਼ਾਮ ਨੂੰ ਬਾਅਦ ਦੁਪਹਿਰ 2:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ। ਸਰਬੱਤ ਨੂੰ ਬੇਨਤੀ ਹੈ ਕਿ ਇਸ ਸਮੇਂ ਵੀ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਗੱਡੀ ਦਿੱਲੀ ਤੋਂ ਚੱਲੀ ਸੀ ਸਰਦਾਰ ਜੀ ਨੇਂ ਟੀਟੀ ਨੂੰ ਕਿਹਾ ਮੈ ਲੁਧਿਆਣੇ ਸ਼ਟੇਸਨ ਤੇ ਉਤਰਨਾ, ਲੱਗਦਾ ਟਰੇਨ ਸਵੇਰੇ 4 ਵਜੇ ਉਥੇ ਪਹੁੰਚੇਗੀ। ਜੇ ਮੈਂ ਨਾ ਜਾਗਿਆ ਤਾਂ ਮੈਨੂੰ ਜ਼ਬਰਦਸਤੀ ਉਤਾਰ ਦਿਓ..

ਸਰਦਾਰ ਜੀ ਸਵੇਰੇ 8 ਵਜੇ ਉੱਠਦੇ ਹਨ।ਗੱਡੀ ਤਾਂ ਅੰਮ੍ਰਿਤਸਰ ਪਹੁੰਚਣ ਵਾਲੀ ਸੀ।ਸਰਦਾਰ ਜੀ ਨੇ ਟੀਟੀ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।ਟੀਟੀ ਚੁੱਪ ਚਾਪ ਖੜ੍ਹਾ ਸੀ।

ਲੋਕਾਂ ਨੇ ਟੀਟੀ ਨੂੰ ਕਿਹਾ: ਉਹ ਬਹੁਤ ਗਾਲ੍ਹਾਂ ਕੱਢ ਰਿਹਾ ਹੈ ਅਤੇ ਤੁਸੀਂ ਚੁੱਪਚਾਪ ਸੁਣ ਰਹੇ ਹੋ?

ਟੀਟੀ! ਮੈਂ ਸੋਚ ਰਿਹਾਂ ਕਿ 'ਉਹ ਕਿੰਨੀ ਆ ਕੁ ਗਾਲ੍ਹਾਂ ਕੱਢ ਰਿਹਾ ਹੋਵੇਗਾ ਜਿਸ ਸਰਦਾਰ ਨੂੰ ਮੈਂ ਲੁਦਿਆਣੇ ਉਤਾਰ ਦਿੱਤਾ!

**************

ਜੇਲਰ :- ਜਨਾਬ ਕੱਲ ਰਾਤ ਸਾਰੇ ਕੈਦੀਆਂ ਨੇ ਜੇਲ ਚ ਰਾਮ ਲੀਲਾ ਕੀਤੀ ਸੀ..

ਅਫਸਰ :- ਇਹ ਤਾਂ ਚੰਗੀ ਗੱਲ ਆ ....?

ਇਹਦੇ ਚ ਪਰੇਸ਼ਾਨ ਕਿਉਂ ਹੋ ਰਹੇ ਹੋ ?

ਜੇਲਰ :- ਜਨਾਬ ਪਰੇਸ਼ਾਨੀ ਇਹ ਆ ਕੇ ..

ਜਿਹੜਾ ਬੰਦਾ ਹਨੂੰਮਾਨ ਬਣਿਆ ਸੀ ਉਹ ਹੁਣ ਤੱਕ .. ਸੰਜੀਵਨੀ ਬੂਟੀ ਲੈ ਕੇ ਵਾਪਸ ਨੀ ਆਇਆ..

**************

ਜਦੋਂ ਕੋਈ ਸਵੇਰੇ ਸਵੇਰੇ ਆਵਾਜ਼ ਲਾਉਣ ਤੇ ਵੀ ਨਾਂ ਉੱਠੇ.. ਉਸਨੂੰ ਉਠਾਉਣ ਦਾ ਇੱਕ ਨਵਾਂ ਤਰੀਕਾ ਲਿਆਂਦਾ ਗਿਆ ਹੈ..

ਉਹਦੇ ਕੰਨ 'ਚ ਹੌਲੀ ਜੇ ਕਹਿ ਦੋ......???

ਤੇਰਾ ਬਾਪੂ ਤੇਰਾ ਮੋਬਾਇਲ ਚੈਕ ਕਰੀ ਜ਼ਾਂਦਾ ਭੱਜ ਕੇ ਉੱਠ ਪਤੰਦਰ..

**************

ਇਕ ਵਾਰ ਮੁਰਗੀ ਫਾਰਮ ਦਾ ਨਿਰੀਖਣ ਕੀਤਾ ਗਿਆ।

ਠਾਣੇਦਾਰ : ਹਾਂ ਬਈ ਤੁਸੀ ਕੀ ਪਾਉਣੇ ਹੋ ਮੁਰਗੀਆਂ ਨੂੰ।

ਫਾਰਮਰ : ਜੀ ਬਾਜਰਾ!

ਠਾਣੇਦਾਰ : ਏਨੀ ਗਰਮੀ ਚ ਬਾਜਰਾ ਚੱਕੋ ਇਸਨੂੰ ਲੈਜੋ ਥਾਣੇ !

ਠਾਣੇਦਾਰ : ਹਾਂ ਤੂੰ ਕੀ ਪਾਉਣਾ ਮੁਰਗੀਆ ਨੂੰ

ਦੂਜਾ ਫਾਰਮਰ : ਜੀ ਚੌਲ !

ਠਾਣੇਦਾਰ : ਇਹਨੂੰ ਵੀ ਲੈਜੋ ਥਾਣੇ ।

ਠਾਣੇਦਾਰ ਆਖਰ ਚ ਪੱਪੂ ਨੂੰ: ਤੂੰ ਕੀ ਪਾਉਣਾ ਓਏ ਮੁਰਗੀਆ ਨੂੰ

ਪੱਪੂ ਡਰਦਾ ਹੋਇਆ

ਕਹਿੰਦਾ :

ਜੀ ਅਸੀ ਤਾਂ ਪੰਜ-ਪੰਜ ਰੁਪੈ ਦੇ ਕਿ

ਕਹਿ ਦਿੰਦੇ ਵੀ ਜੋ ਜੋ ਜੀਅ ਕਰਦਾ ਹੱਟੀ ਤੋ ਲੈ ਕਿ ਖਾ ਲੇਓ!

**************

ਇਕ ਪੰਡਿਤ ਭੱਜਦਾ ਭੱਜਦਾ ਇਕ ਸੋਹਣੀ ਕੁੜੀ ਵਿਚ ਵੱਜਦਾ।

ਕੁੜੀ - ਸ਼ਰਮ ਨੀ ਆਉਂਦੀ , ਸਿਰ ਤੇ ਇੰਨੀ ਵਡੀ ਬੋਦੀ ਰੱਖ ਕੇ

ਕੁੜੀਆ ਚ ਟੱਕਰਾਂ ਮਾਰਦਾ!

ਪੰਡਿਤ - ਬੀਬੀ.. ਬੋਦੀ ਵਿੱਚ ਬ੍ਰੇਕ ਨਹੀਂ ਲੱਗੇ ਹੋਏ!

**************

ਬੱਚਾ ਨਕਲੀ ਦੀ ਰੇਲ ਗੱਡੀ ਨਾਲ ਖੇਡ ਰਿਹਾ ਸੀ ਨਾਲ ਨਾਲ ਬੋਲੀ ਜਾਦਾ ਸੀ.. ਜਿਸ ਕੁੱਤੇ ਨੇ ਉੱਤਰਨਾ ਉੱਤਰ ਜਾਵੇ ਜਿਸ ਕੰਜਰ ਨੇ ਚੜਣਾ ਚੱੜ ਜਾਵੇ......... ਪਿਓ ਨੇ ਗੱਡੀ ਫੱੜ ਕੇ ਦੋ ਚਪੇੜਾ ਮਾਰੀਆਂ ਮੁੰਡੇ ਦੇ....?

10 ਮਿੰਟ ਬਾਅਦ ਬੱਚਾ ਫਿਰ.. ਕਹਿੰਦਾ ਜਿਸ ਕੁੱਤੇ ਨੇ ਉੱਤਰਨਾ ਉੱਤਰ ਜਾਵੇ.. ਜਿਸ ਕੰਜਰ ਨੇ ਚੜਣਾ ਚੜ ਜਾਵੇ.. ਗੱਡੀ ਅੱਗੇ ਕਿਸੇ ਕੰਜਰ ਦੀ ਵਜਾ ਨਾਲ 10 ਮਿੰਟ ਲੇਟ ਹੋਗੀ ਆ

**************

ਅਮਲੀ- ਡਾਕਟਰ ਸਾਹਿਬ, ਮੈਨੂੰ 2 ਸਾਲ ਪਹਿਲਾਂ ਬੁਖਾਰ ਹੋ ਗਿਆ ਸੀ।

ਡਾਕਟਰ- ਤਾਂ ਹੁਣ ਕੀ ਹੈ?

ਅਮਲੀ : ਤੁਸੀ ਉਸ ਸਮੇਂ ਮੈਨੂੰ ਨਹਾਉਣ ਤੋਂ ਮਨਾ ਕਰ ਦਿੱਤਾ ਸੀ, ਅੱਜ ਮੈਂ ਇੱਥੋਂ ਲੰਘ ਰਿਹਾ ਸੀ ਤਾਂ ਸੋਚਿਆ ਪੁੱਛ ਲਵਾਂ.. "ਕੀ ਮੈਂ ਹੁਣ ਨਹਾ ਸਕਦਾਂ?

********

ਪਤਨੀ ਸ਼ੌਕ ਨਾਲ ਘਰ ਵਿੱਚ ਕੁੱਤਾ ਲੈ ਆਈ..

ਪਤੀ ਗੁੱਸੇ ਵਿੱਚ ਬੋਲਿਆ, ''ਕਿਸੇ ਦਿਨ ਮੈਂ ਤੇਰੇ ਕੁੱਤੇ ਦੀ ਜਾਨ ਲੈ ਲਵਾਂਗਾ।''

ਪਤਨੀ, ''ਕਿਉਂ, ਅਜਿਹਾ ਕੀ ਕੀਤਾ ਇਸ ਨੇ?''

ਪਤੀ, ''ਜਦੋਂ ਵੀ ਮੈਂ ਗਾਉਣ ਲਗਦਾ ਹਾਂ, ਇਹ ਭੌਂਕਣਾ ਸ਼ੁਰੂ ਕਰ ਦਿੰਦਾ ਹੈ।''

ਪਤਨੀ, ''ਇਸ ਵਿੱਚ ਇਸਦਾ ਕੀ ਕਸੂਰ ਹੈ, ਸ਼ੁਰੂਆਤ ਤਾਂ ਤੁਸੀਂ ਹੀ ਕਰਦੇ ਹਾਂ।''

********

ਭਿਖਾਰੀ, ''ਭਗਵਾਨ ਦੇ ਲਈ ਅੰਨ੍ਹੇ ਭਿਖਾਰੀ ਨੂੰ ਕੁਝ ਦੇ ਦਿਓ ਬਾਬਾ।"

ਰਾਹਗੀਰ, ''ਭੀਖ ਤਾਂ ਦੇ ਦਿਆਂ, ਪਰ ਕਿਵੇਂ ਮੰਨ ਲਵਾਂ ਕਿ ਤੂੰ ਅੰਨ੍ਹਾ ਏਂ?"

ਭਿਖਾਰੀ, ''ਸਾਹਿਬ ਕੀ ਤੁਹਾਨੂੰ ਸਾਹਮਣੇ ਵਾਲੇ ਲਾਲ ਮਕਾਨ ਉਤੇ ਬੈਠਾ ਸਫੈਦ ਕਬੂਤਰ ਨਜ਼ਰ ਆ ਰਿਹਾ ਹੈ।"

ਰਾਹਗੀਰ, ''ਹਾਂ ਮੈਨੂੰ ਤਾਂ ਨਜ਼ਰ ਆ ਰਿਹਾ ਹੈ।"

ਭਿਖਾਰੀ, ''...ਪਰ ਮੈਨੂੰ ਉਹ ਨਜ਼ਰ ਨਹੀਂ ਆ ਰਿਹੈ।"

********

ਕ੍ਰਿਸ਼ਨ ਨੇ ਆਪਣੀ ਪਤਨੀ ਚੰਚਲ ਨੂੰ ਕਿਹਾ, ''ਜੇ ਤੂੰ ਇੱਕ ਦਿਨ ਮੈਨੂੰ ਆਪਣੇ ਹੱਥ ਨਾਲ ਖਾਣਾ ਬਣਾ ਕੇ ਖੁਆ ਦੇਵੇਂ ਤਾਂ ਮੈਂ ਤੈਨੂੰ ਅਜਿਹੀ ਖਬਰ ਸੁਣਾਵਾਂਗਾ, ਜਿਸ ਨੂੰ ਸੁਣ ਕੇ ਤੂੰ ਉਛਲ ਪਵੇਂਗੀ।"

ਉਸੇ ਦਿਨ ਚੰਚਲ ਨੇ ਬੜੇ ਉਤਸ਼ਾਹ ਨਾਲ ਖਾਣਾ ਬਣਾ ਕੇ ਕ੍ਰਿਸ਼ਨ ਨੂੰ ਖਵਾਇਆ ਤੇ ਬੋਲੀ, ''ਸੁਣਾਓ ਖਬਰ?"

''ਕੱਲ੍ਹ ਤੋਂ ਰਸੋਈਆ ਖਾਣਾ ਬਣਾਉਣ ਨਹੀਂ ਆਏਗਾ?" ਕ੍ਰਿਸ਼ਨ ਨੇ ਕਿਹਾ।

********

ਸੰਤਾ :- ਤੁਸੀਂ ਹਸਪਤਾਲ ਤੋਂ ਬਿਨਾਂ ਅਪਰੇਸ਼ਨ ਕਰਵਾਏ ਕਿਉਂ ਭੱਜ ਗਏ?

ਬੰਤਾ :- ਨਰਸ ਵਾਰ-ਵਾਰ ਕਹਿ ਰਹੀ ਸੀ ਕਿ ਡਰੋ ਨਾ, ਹਿੰਮਤ ਰੱਖੋ, ਕੁਝ ਨਹੀਂ ਹੋਵੇਗਾ.. ਇਹ ਤਾਂ ਇੱਕ ਛੋਟਾ ਜਿਹਾ ਅਪਰੇਸ਼ਨ ਹੈ!

ਸੰਤਾ: ਤਾਂ ਡਰਨ ਵਾਲੀ ਕੀ ਗੱਲ ਹੈ? ਨਰਸ ਠੀਕ ਤਾਂ ਕਹਿ ਰਹੀ ਸੀ!

ਬੰਤਾ :- ਜੀਜਾ, ਉਹ ਮੈਨੂੰ ਨਹੀਂ ਡਾਕਟਰ ਕਹਿ ਰਹੀ ਸੀ !!!

********

ਸੰਤਾ ਪਹਿਲੀ ਵਾਰ 5 ਸਟਾਰ ਹੋਟਲ ਗਿਆ... ਚਾਹ ਦਾ ਆਰਡਰ ਕੀਤਾ ...

ਕੁਝ ਹੀ ਮਿੰਟਾਂ ਵਿੱਚ, ਇੱਕ ਸੂਟਿਡ ਬੂਟਿਡ ਵੇਟਰ ਕੇਤਲੀ ਵਿੱਚ ਗਰਮ ਪਾਣੀ, ਇੱਕ ਕੇਤਲੀ ਵਿੱਚ ਦੁੱਧ, ਚਾਹ ਪੱਤੀਆਂ ਦਾ ਇੱਕ ਥੈਲਾ ਅਤੇ ਕੁਝ ਚੀਨੀ ਦੇ ਕਿਊਬ ਦੇ ਕੇ ਚਲਾ ਗਿਆ।

ਥੋੜੀ ਦੇਰ ਬਾਅਦ ਵੇਟਰ ਨੇ ਆ ਕੇ ਪੁੱਛਿਆ: ਸਰ ਕੀ ਤੁਸੀਂ ਹੋਰ ਕੁਝ ਲੈਣਾ ਚਾਹੋਗੇ?

ਸੰਤਾ ਨੇ ਕਿਹਾ: ਮੈਂ ਵੀ ਬਿਰਯਾਨੀ ਖਾਣਾ ਚਾਹੁੰਦਾ ਸੀ, ਪਰ ਰਹਿਣ ਦਿਓ... ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ !!!

********

ਭਿਖਾਰੀ : 5 ਰੁਪਏ ਦਾ ਸਵਾਲ ਹੈ ਬਾਬਾ !

ਸੰਤਾ: ਪੁੱਛੋ, ਸ਼ਾਇਦ ਮੈਂਨੂੰ ਉੱਤਰ ਯਾਦ ਹੋਵੇ!

ਭਿਖਾਰੀ: ਬੇਹੋਸ਼....

********

ਸੰਤਾ ਦੇ ਹੱਥ ਵਿਚ ਨਵਾਂ ਫ਼ੋਨ ਦੇਖ ਕੇ ਬੰਤਾ ਬੋਲਿਆ: ਤੁਸੀਂ ਨਵਾਂ ਫ਼ੋਨ ਕਦੋਂ ਲਿਆ?

ਸੰਤਾ: ਨਵਾਂ ਨਹੀਂ, ਇਹ ਸਹੇਲੀ ਦਾ ਹੈ!

ਬੰਤਾ : ਸਹੇਲੀ ਦਾ ਫੋਨ ਕਿਉਂ ਲਿਆਇਆ ?

ਸੰਤਾ : ਰੋਜ ਕਹਿੰਦਾ ਸੀ, ਮੇਰਾ ਫ਼ੋਨ ਨਾ ਚੁੱਕੋ..! ਅੱਜ ਇੱਕ ਮੌਕਾ ਮਿਲਿਆ, ਇਸ ਲਈ ਇਸਨੂੰ ਚੁੱਕਿਆ !!

********

ਬੰਤਾ ਆਪਣੀ ਪਤਨੀ ਨੂੰ ਅੰਗਰੇਜ਼ੀ ਪੜ੍ਹਾ ਰਿਹਾ ਸੀ।

ਦੁਪਹਿਰ ਨੂੰ ਪਤਨੀ ਨੇ ਕਿਹਾ, "ਰਾਤ ਦਾ ਖਾਣਾ ਖਾਹ ਲਵੋ...

ਬੰਤਾ - ਮੂਰਖ ਔਰਤ, ਇਹ ਰਾਤ ਦਾ ਖਾਣਾ ਨਹੀਂ, ਦੁਪਹਿਰ ਦਾ ਖਾਣਾ ਹੈ...।"

ਘਰਵਾਲੀ -ਕਮਲਿਆ....ਇਹ ਰਾਤ ਦਾ ਬਚਿਆ ਹੋਇਆ ਭੋਜਨ ਹੈ....ਚੁੱਪ ਕਰ ਕੇ ਚਰ ਲੈ।

********

ਸੰਤਾ ਨੇ ਹਲਵਾਈ ਦੀ ਦੁਕਾਨ 'ਤੇ ਅੱਧਾ ਕਿਲੋ ਜਲੇਬੀਆਂ ਲੈ ਕੇ ਖਾ ਲਈਆਂ!

ਦੁਕਾਨਦਾਰ ਨੇ ਕਿਹਾ - ਆਹ ਜਲੇਬੀਆਂ ਦੇ ਪੈਸੇ ਦਿਉ।

ਸੰਤਾ - ਪੈਸਾ ਤਾ ਮੇਰੇ ਕੋਲ ਹੈ ਨਹੀਂ ..

ਇਸ 'ਤੇ ਦੁਕਾਨਦਾਰ ਨੇ ਆਪਣੇ ਲੜਕੇ ਨੂੰ ਬੁਲਾ ਕੇ ਸੰਤਾ ਦੀ ਚੰਗੀ ਕੁੱਟਮਾਰ ਕੀਤੀ।

ਕੁੱਟ ਖਾਣ ਤੋਂ ਬਾਅਦ ਸੰਤਾ ਉੱਠਿਆ ਅਤੇ ਹੱਥ-ਪੈਰ ਝਾੜ ਕੇ ਕਿਹਾ,ਇਸੇ ਭਾਅ ਇੱਕ ਕਿੱਲੋ ਹੋਰ ਤੋਲ ਦਿਓ।

********

ਦੋ ਅਮਲੀ ਨਸ਼ੇ ਵਿੱਚ ਰੇਲਵੇ ਪਟੜੀ ਦੇ ਵਿਚਕਾਰ ਜਾ ਰਹੇ ਸਨ।

ਪਹਿਲਾ ਅਮਲੀ: ਓ ਮੇਰੇ ਰੱਬ, ਮੈਂ ਪਹਿਲਾਂ ਕਦੇ ਇੰਨੀਆਂ ਪੌੜੀਆਂ ਕਦੇ ਨਹੀਂ ਚੜ੍ਹਿਆ?

ਦੂਸਰਾ ਅਮਲੀ ਾ : ਆਹ ਪੌੜੀਆਂ ਤਾਂ ਠੀਕ ਹਨ, ਮੈਂ ਤਾਂ ਹੈਰਾਨ ਹਾਂ ਕਿ ਰੇਲਿੰਗ ਪੁਠੀ ਲਾਈ ਹੈ ਕੋਡੇ ਹੋ ਕੇ ਫੜ੍ਹਨੀ ਪੈ ਰਹੀ ਹੈ।

********

ਸੰਤਾ ਖੁਦ ਰੋਟੀ ਖਾ ਰਿਹਾ ਸੀ ਅਤੇ ਕੋਲ ਬੈਠੀ ਕੁਕੜੀ ਨੂੰ ਖੁਆ ਰਿਹਾ ਸੀ...

ਬੰਤਾ :- "ਇਹ ਕੀ ਕਰ ਰਿਹਾ ਹੈ? ,

ਸੰਤਾ :- "ਮੈਂ ਚਿਕਨ ਨਾਲ ਰੋਟੀ ਖਾ ਰਿਹਾ ਹਾਂ"

********

ਮੋਹਨ ਦਾਸ ਬਹੁਤ ਪਰੇਸ਼ਾਨ ਸੀ, ਗਰੀਬ ਦਾ ਵਿਆਹ ਨਹੀਂ ਹੋ ਰਿਹਾ ਸੀ। ਹਰ ਵਾਰ ਵਿਆਹ ਹੁੰਦਾ, ਟੁੱਟ ਜਾਂਦਾ।

ਮੇਰੇ ਸਾਰੇ ਦੋਸਤਾਂ ਨੂੰ ਪੁੱਛਿਆ ਪਰ ਕੋਈ ਹੱਲ ਨਹੀਂ ਹੋਇਆ।

ਮੋਹਨ ਦਾਸ ਇੱਕ ਦਿਨ ਇੱਕ ਪੰਡਿਤ ਉਸ ਕੋਲ ਪਹੁੰਚਿਆ ਅਤੇ ਕਿਹਾ - ਪੰਡਿਤ ਜੀ ਮੈਨੂੰ ਕੋਈ ਹੱਲ ਦੱਸੋ, ਮੇਰਾ ਵਿਆਹ ਕਿਉਂ ਨਹੀਂ ਹੋ ਰਿਹਾ?

ਪੰਡਿਤ ਜੀ ਨੇ ਕਿਹਾ- ਵਿਆਹ ਤਾਂ ਹੋ ਜਾਵੇਗਾ, ਪਰ ਸਭ ਤੋਂ ਪਹਿਲਾਂ ਹਮੇਸ਼ਾ ਲਈ ਖੁਸ਼ ਰਹਿਣ ਲਈ ਲੋਕਾਂ ਤੋਂ ਆਸ਼ੀਰਵਾਦ ਲੈਣਾ ਬੰਦ ਕਰ ਦਿਓ।

********

ਬਿੱਲੂ: ਅੱਜ ਸਵੇਰੇ ਇੱਕ ਬਿੱਲੀ ਨੇ ਮੇਰਾ ਰਸਤਾ ਕੱਟ ਦਿੱਤਾ

ਬੰਤਾ : ਫਿਰ ?

ਬਿੱਲੂ: ਫੇਰ ਕੀ ਅੱਗੇ ਜਾ ਕੇ ਉਸ ਬਿੱਲੀ ਦਾ ਐਕਸੀਡੈਂਟ ਹੋ ਗਿਆ? ...ਸਾਡੇ ਨਾਲ ਪੰਗਾ ਲੈਂਦੀ ਸੀ!

********


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber



ਹੁਣ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All



AMAYA LIVING



60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

- Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
- Full size stainless steel appliances: refrigerator, stove, dish washer, hood fan and microwave • Garburator

BATHROOM

- Large mirror with light bar • Under-mount porcelain sink with modern single lever faucet • Master with full stand up shower and full height ceramic tiles
- Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

## (ਮੁੱਖ ਪੰਨੇ ਦੀ ਬਾਕੀ)

ਗੱਲਬਾਤ ਕਰਦਿਆਂ ਸਮੂਹ ਦੇ ਮੈਂਬਰਾਂ ਨੇ ਪੰਜਾਬ ਅਤੇ ਸਿੱਖਾਂ ‘ਤੇ ਪੈ ਰਹੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ਵ, ਦੱਖਣ ਏਸ਼ੀਆਈ ਖਿੱਤੇ ਅਤੇ ਭਾਰਤ ਵਿੱਚ ਅਸਥਿਰਤਾ ਨੂੰ ਉਜਾਗਰ ਕੀਤਾ ਹੈ। ਦਿੱਲੀ ਦਰਬਾਰ (ਭਾਰਤੀ ਰਾਜ) ਖਾਸ ਤੌਰ ‘ਤੇ ਪੰਜਾਬ ਨਾਲ ਅੰਦਰੂਨੀ ਮਤਭੇਦਾਂ ਅਤੇ ਅਸਹਿਮਤੀਆਂ ਕਾਰਣ ਸਿੱਖਾਂ ਨੂੰ ਦਬਾਅ ਵਿੱਚ ਰੱਖਿਆਂ ਜਾਂਦਾ ਹੈ ਅਤੇ ਵਿਵਾਦਪੂਰਨ ਮੁੱਦਿਆਂ ਨੂੰ ਹੱਲਾਸ਼ੇਰੀ ਦੇ ਕੇ ਸਿੱਖ ਸਰਕਲਾਂ ਅੰਦਰ ਬੈਚੇਨੀ ਪੈਦਾ ਕੀਤੀ ਜਾਂਦੀ ਹੈ। ਦੂਜੇ ਪਾਸੇ, ਭਾਰਤੀ ਏਜੰਸੀਆਂ ਅਤੇ ਰਾਸ਼ਟਰਵਾਦੀ ਮੀਡੀਆ ਆਊਟਲੈੱਟ ਸਿੱਖ ਲਾਮਬੰਦੀ ਦੇ ਪ੍ਰਭਾਵਾਂ ਨੂੰ ਅਲੱਗ-ਥਲੱਗ ਕਰਨ ਅਤੇ ਬੇਅਸਰ ਕਰਨ ਲਈ ਪੰਜਾਬ ਅਤੇ ਸਿੱਖ ਮੁੱਦਿਆਂ ਬਾਰੇ ਇੱਕ ਨਿਰਮਿਤ ਬਿਰਤਾਂਤ ਨੂੰ ਲਗਾਤਾਰ ਵਧਾ ਰਹੇ ਹਨ। ਕਿਸਾਨ ਮੋਰਚੇ ਰਾਹੀਂ ਪੰਜਾਬ ਅਤੇ ਦੁਨੀਆਂ ਭਰ ਦੇ ਸਿੱਖਾਂ ਵੱਲੋਂ ਵਿਖਾਈ ਗਈ ਤਾਕਤ ਪੰਜਾਬ ਪ੍ਰਤੀ ਗੰਦੀਆਂ ਨੀਤੀਆਂ ਅਪਣਾਈਆਂ ਜਾ ਰਹੀਅ ਾਂਹਨ।

ਸਮੂਹ ਦੇ ਮੈਂਬਰਾਂ ਨੇ ਖਾਸ ਤੌਰ ‘ਤੇ ਸਿੱਖਾਂ ਦੀਆਂ ਅੰਦਰੂਨੀ ਰਾਜਨੀਤਿਕ ਸਥਿਤੀਆਂ ‘ਤੇ ਇਨ੍ਹਾਂ ਹਾਲਾਤਾਂ ਦੇ ਪ੍ਰਭਾਵ ਨੂੰ ਨੋਟ ਕੀਤਾ। ਉਹਨਾਂ ਨੇ ਵਿਸ਼ੇਸ਼ ਤੌਰ ‘ਤੇ ਇਸ ਤੱਥ ਵੱਲ ਧਿਆਨ ਦਿਵਾਇਆ ਕਿ ਜਿਹੜੀਆਂ ਸਿੱਖ ਸੰਸਥਾਵਾਂ ਇਕ ਸਦੀ ਪਹਿਲਾਂ ਨਿਰਸਵਾਰਥ ਸੰਘਰਸ਼ ਨਾਲ ਵਿਕਸਤ ਹੋਈਆਂ ਸਨ, ਉਹ ਹੁਣ ਪੂਰੀ ਤਰ੍ਹਾਂ ਭਾਰਤੀ ਰਾਜ ਦੇ ਅਧੀਨ ਹੋ ਚੁੱਕੀਆਂ ਹਨ ਅਤੇ ਕਈ ਅੰਦਰੂਨੀ ਕਮਜ਼ੋਰੀਆਂ ਕਾਰਨ ਹੋਰ ਬੇਅਸਰ ਹੋ ਗਈਆਂ ਹਨ। ਇਸੇ ਕਰਕੇ ਸਿੱਖ ਸੰਸਥਾਵਾਂ ਲਗਾਤਾਰ ਆਪਣੀ ਤਾਕਤ ਅਤੇ ਪ੍ਰਭਾਵ ਗੁਆ ਰਹੀਆਂ ਹਨ। ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਭਰੋਸੇਯੋਗਤਾ ਅਤੇ ਜਾਇਜ਼ਤਾ ਬਾਰੇ ਗੰਭੀਰ ਸ਼ੰਕੇ ਖੜ੍ਹੇ ਕਰ ਦਿੱਤੇ ਹਨ। ਸਿੱਖ ਸੰਸਥਾਵਾਂ ਵਿੱਚ ਸਿੱਧੀ ਦਖਲਅੰਦਾਜ਼ੀ ਵੱਲ ਮੁੜਦਿਆਂ ਸਮੂਹ ਨੇ ਦੱਸਿਆ ਕਿ ਕਿਸ ਤਰ੍ਹਾਂ ਬਿਪਰਵਾਦੀ ਮੋਦੀ-ਸ਼ਾਹ ਸਰਕਾਰ ਨਾ ਸਿਰਫ਼ ਸਿੱਖ ਸੰਸਥਾਵਾਂ ਵਿੱਚ ਸਿੱਧੀ ਦਖ਼ਲਅੰਦਾਜ਼ੀ ਕਰ ਰਹੀ ਹੈ, ਸਗੋਂ ਅਸਲ ਵਿੱਚ ਸਿੱਖਾਂ ਦੀ ਸ਼ਕਤੀ ਦੇ ਕੇਂਦਰਾਂ ’ਤੇ ਕਬਜ਼ੇ ਕਰਨ ਦੀ ਤਾਕ ਵਿੱਚ ਹੈ। ਇਸ ਸਬੰਧ ਵਿਚ ਭਾਰਤੀ ਰਾਜ ਦੀਆਂ ਸਾਜ਼ਿਸ਼ਾਂ ਸਪੱਸ਼ਟ ਤੌਰ ‘ਤੇ ਪੰਜਾਬ ਅਤੇ ਸਿੱਖ ਸੰਸਥਾਵਾਂ ਨੂੰ ਅਲੱਗ-ਥਲੱਗ ਕਰਨ, ਟੁਕੜੇ-ਟੁਕੜੇ ਕਰਨ ਅਤੇ ਕਮਜ਼ੋਰ ਕਰਨ ਦੀ ਰਣਨੀਤੀ ਦੇ ਸੰਕੇਤ ਹਨ ਤਾਂ ਜੋ ਸਾਨੂੰ ਦਮਨਕਾਰੀ ਹਿੰਸਾ ਦਾ ਨਿਸ਼ਾਨਾ ਬਣਾਇਆ ਜਾ ਸਕੇ ਅਤੇ ਇਸ ਖੇਤਰ ਵਿਚ ਆਪਣਾ ਬੇਲੋੜਾ ਦਬਦਬਾ ਯਕੀਨੀ ਬਣਾਇਆ ਜਾ ਸਕੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਦਲਜੀਤ ਸਿੰਘ ਬਿੱਟੂ ਨੇ ਦੱਸਿਆ ਕਿ ਸਮੂਹ ਰਵਾਇਤੀ ਸਿੱਖ ਜਥੇਬੰਦੀਆਂ, ਸਿੱਖ ਸੰਸਥਾਵਾਂ, ਪੰਥਕ ਸ਼ਖ਼ਸੀਅਤਾਂ, ਬੁੱਧੀਜੀਵੀਆਂ, ਵਿਦਵਾਨਾਂ, ਨੌਜ਼ਵਾਨਾਂ ਅਤੇ ਪ੍ਰਚਾਰਕਾਂ ਵਿਚਕਾਰ ਅੰਦਰੂਨੀ ਸੰਵਾਦ ਨੂੰ ਸੁਚਾਰੂ ਬਣਾਉਣ ਲਈ ਪਿਛਲੇ ਛੇ ਮਹੀਨਿਆਂ ਤੋਂ ਨਿਰੰਤਰ ਕੰਮ ਕਰ ਰਿਹਾ ਹੈ। ਇਸ ਪਹਿਲਕਦਮੀ ਦਾ ਅਗਲਾ ਪੜਾਅ, ਮੀਰੀ-ਪੀਰੀ ਦਿਵਸ ਮਨਾਉਣ ਲਈ 28 ਜੂਨ, 2023 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੁਨੀਆ ਭਰ ਦੇ ਸਿੱਖਾਂ ਦਾ ਇਕੱਠ ਬੁਲਾਇਆ ਜਾਵੇਗਾ। ਸ੍ਰੀ ਅਕਾਲ ਤਖਤ ਸਾਹਿਬ ਨੂੰ ਚੋਣਾਵੀ ਪਾਰਟੀਆਂ ਦੇ ਪ੍ਰਭਾਵ ਤੋਂ ਮੁਕਤ ਕਰਵਾਉਣ ਅਤੇ ਇਸ ਦੇ ਪ੍ਰਬੰਧਕੀ ਕਾਰਜਾਂ ਨੂੰ ਪੰਥਕ ਪਰੰਪਰਾਵਾਂ ਅਤੇ ਸਮੂਹਿਕ ਫੈਸਲੇ ਲੈਣ ਦੇ ਅਨੁਰੂਪ ਬਦਲਣ ਦੇ ਯਤਨਾਂ ਵਿੱਚ ਹਿੱਸਾ ਲੈਣ ਲਈ ਦੁਨੀਆ ਭਰ ਦੀਆਂ ਸਿੱਖ ਜਥੇਬੰਦੀਆਂ, ਸੰਸਥਾਵਾਂ ਅਤੇ ਨੁਮਾਇੰਦਿਆਂ ਨੂੰ ਸੱਦਾ ਦਿੱਤਾ ਜਾਵੇਗਾ। ਭਾਈ ਦਲਜੀਤ ਸਿੰਘ ਨੇ ਦੁਹਰਾਇਆ ਕਿ ਗੁਰਮਤੇ ਅਤੇ ਸਮੂਹਿਕ ਪੰਚ ਪ੍ਰਧਾਨੀ ਲੀਡਰਸ਼ਿਪ ਰਾਹੀਂ ਸਮੂਹਿਕ ਫੈਸਲੇ ਲੈਣਾ ਹੀ ਭਾਰਤੀ ਰਾਜ ਦੇ ਹਮਲੇ ਦਾ ਮੁਕਾਬਲਾ ਕਰਨ ਦਾ ਇੱਕੋ ਇੱਕ ਰਸਤਾ ਹੈ ਅਤੇ ਇਹ ਅਸਲ ਵਿੱਚ ਸਾਨੂੰ ਉਨ੍ਹਾਂ ਤਤਕਾਲੀ ਚੁਣੌਤੀਆਂ ਨੂੰ ਪਾਰ ਕਰਨ ਲਈ ਸਮਰੱਥ ਬਣਾਏਗਾ ਜਿਨ੍ਹਾਂ ਦਾ ਅਸੀਂ ਰਣਨੀਤਕ ਲਾਭ ਲੈਣ ਲਈ ਸਾਹਮਣਾ ਕਰ ਰਹੇ ਹਾਂ।

## ਮੋਦੀ ਸਰਕਾਰ ਸਰਕਾਰੀ ਏਜੰਸੀਆਂ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ: ਯੇਚੁਰੀ

ਨਵੀਂ ਦਿੱਲੀ-ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਕਿਹਾ ਹੈ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਰਾਜ ਏਜੰਸੀਆਂ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ ਅਤੇ ਸੰਵਿਧਾਨਕ ਪ੍ਰਣਾਲੀ ਦੀ ਉਲੰਘਣਾ ਕਰ ਰਹੀ ਹੈ। ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਸੀਪੀਆਈ-ਐਮ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਵਿਰੋਧੀ ਨੇਤਾਵਾਂ ਨੂੰ ਪ੍ਰੇਸ਼ਾਨ ਕਰਨ ਲਈ ਰਾਜ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਕਹਿਣਾ ਹੈ ਕਿ ਜਿਹੜੇ ਆਗੂ ਬੇਕਸੂਰ ਹੋਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਨੂੰ ਈਡੀ ਦਾ ਜਵਾਬ ਦੇਣਾ ਚਾਹੀਦਾ ਹੈ। ਯੇਚੁਰੀ ਨੇ ਕਿਹਾ ਕਿ ਜਿਨ੍ਹਾਂ ਨੇਤਾਵਾਂ ਨੂੰ ਈਡੀ ਦੇ ਸਾਹਮਣੇ ਪੇਸ਼ ਹੋਣ ਲਈ ਸੰਮਨ ਭੇਜਿਆ ਗਿਆ ਹੈ, ਉਨ੍ਹਾਂ ਨੇ ਅਜਿਹਾ ਕੀਤਾ ਹੈ ਅਤੇ ਪੁੱਛੇ ਗਏ ਸਵਾਲਾਂ ਦੇ ਜਵਾਬ ਦੇ ਕੇ ਇਸ ਦੀ ਜਾਂਚ ਵਿੱਚ ਸਹਿਯੋਗ ਕੀਤਾ ਹੈ


FRASERVIEW MEATS
The Name of Guaranteed Quality Meats





Number One Quality Meat in Lower Mainland
We also sell cooked chicken
We take orders for all occassion
Serving You Since 1993
Try our Special Chicken Tikkar



Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com

Rai Express Lines Ltd.




Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit



Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events







Capacity 350-375 seats



Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:

Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca

Web:www.peacefurniture.ca